# Punjab Government Gazette

## EXTRAORDINARY

*Published by Authority*

CHANDIGARH, MONDAY, APRIL 20, 2026
(CHAITRA 30, 1948 SAKA)

## ਵਿਧਾਨਕ ਅਨੁਪੂਰਕ

| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ ਐਕਟ, 1996 (1997 ਦਾ ਪੰਜਾਬ ਐਕਟ ਨੰ. 1) | ... 421-439 |
| | 2. ਪੰਜਾਬ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ (ਦਾਖ਼ਲੇ ਦੇ ਵਿਨਿਯਮ,ਫ਼ੀਸ ਦਾ ਨਿਯਤ ਕਰਨਾ ਅਤੇ ਰਾਖਵਾਂਕਰਨ ਕਰਨਾ) ਐਕਟ, 2006 (2006 ਦਾ ਪੰਜਾਬ ਐਕਟ ਨੰ. 6) | ... 440 - 449 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |

ਭਾਗ-1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 20 ਅਪ੍ਰੈਲ, 2026

ਨੰ:32/ਭ.ਕ./2026.- ਆਈ. ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ ਐਕਟ, 1996 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 20th April, 2026

**No.32/L.C./2026.**- The Translation in Punjabi of the I.K. Gujral Punjab Technical University Act, 1996 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਆਈ. ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ ਐਕਟ, 1996

**(1997 ਦਾ ਪੰਜਾਬ ਐਕਟ ਨੰ: 1)**

ਪੰਜਾਬ ਰਾਜ ਵਿੱਚ ਤਕਨੀਕੀ ਸਿੱਖਿਆ ਦੀ ਉੱਨਤੀ ਅਤੇ ਇਸਦੇ ਵਿਕਾਸ ਲਈ ਇੱਕ ਯੂਨੀਵਰਸਿਟੀ ਦੀ ਸਥਾਪਨਾ ਅਤੇ ਨਿਗਮਨ ਲਈ ਅਤੇ ਉਸ ਨਾਲ ਤੱਲਕ ਰੱਖਦੇ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸੰਤਾਲੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਆਈ. ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ ਐਕਟ, 1996 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ ਅਤੇ ਇਸ ਅਧੀਨ ਬਣਾਏ ਗਏ ਸਾਰੇ ਵਿਨਿਯਮਾਂ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ:-

(ੳ) "ਕਾਲਜ" ਦਾ ਮਤਲਬ ਹੈ ਇੱਕ ਕਾਲਜ ਜਾਂ ਸੰਸਥਾ ਜੋ ਇਸ ਐਕਟ ਅਧੀਨ ਯੂਨੀਵਰਸਿਟੀ ਦੁਆਰਾ ਕਾਇਮ ਰੱਖੀ ਗਈ ਹੋਵੇ ਜਾਂ ਉਸ ਦੇ ਵਿਸ਼ੇਸ਼ ਅਧਿਕਾਰਾਂ ਵਿੱਚ ਸ਼ਾਮਲ ਕੀਤੀ ਗਈ ਹੋਵੇ;

(ਅ) "ਮੈਂਬਰ" ਦਾ ਮਤਲਬ ਹੈ ਇਸ ਐਕਟ ਅਧੀਨ ਸਥਾਪਤ ਗਵਰਨਰਾਂ ਦੇ ਬੋਰਡ ਦਾ ਮੈਂਬਰ ਅਤੇ ਇਸ ਵਿੱਚ ਇਸ ਦਾ ਚੇਅਰਮੈਨ ਸ਼ਾਮਲ ਹੈ;

(ੲ) "ਪ੍ਰਿੰਸੀਪਲ" ਦਾ ਮਤਲਬ ਹੈ ਕਿਸੇ ਕਾਲਜ ਦਾ ਮੁੱਖੀ (ਜੋ ਕਿਸੇ ਨਾਮ ਨਾਲ ਬੁਲਾਇਆ ਜਾਂਦਾ ਹੋਵੇ) ਅਤੇ ਇਸ ਵਿੱਚ ਜਦੋਂ ਕੋਈ ਪ੍ਰਿੰਸੀਪਲ ਨ ਹੋਵੇ, ਤਾਂ ਤੱਤਸਮੇਂ ਲਈ ਠੀਕ ਤੌਰ ਤੇ ਨਿਯੁਕਤ ਪ੍ਰਿੰਸੀਪਲ ਵਜੋਂ ਕੰਮ ਕਰ ਰਿਹਾ ਵਿਅਕਤੀ, ਅਤੇ ਪ੍ਰਿੰਸੀਪਲ ਜਾਂ ਕਾਰਜਕਾਰੀ ਪ੍ਰਿੰਸੀਪਲ ਦੀ ਗੈਰ-ਹਾਜ਼ਰੀ ਵਿੱਚ ਉਸ ਹੈਸੀਅਤ ਵਿੱਚ ਠੀਕ ਤੌਰ ਤੇ ਨਿਯੁਕਤ ਇੱਕ ਵਾਈਸ-ਪ੍ਰਿੰਸੀਪਲ, ਸ਼ਾਮਲ ਹੈ;

(ਸ) "ਵਿਨਿਯਮਾਂ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਯੂਨੀਵਰਸਿਟੀ ਦੇ ਵਿਨਿਯਮ;

(ਸਸ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਹ) "ਤਕਨੀਕੀ ਸਿੱਖਿਆ" ਦਾ ਮਤਲਬ ਇੰਜੀਨੀਅਰਿੰਗ ਤਕਨਾਲੋਜੀ, ਵਿਗਿਆਨ, ਪ੍ਰਬੰਧਨ, ਮਾਨਵਿਕੀ ਵਿਸ਼ੇ, ਦਵਾਖਾਨਾ, ਸਮਾਜਕ ਵਿਗਿਆਨ ਅਤੇ ਉਸਾਰੀ ਕਲਾ ਅਤੇ ਅਜਿਹੇ ਹੋਰ ਵਿਸ਼ਿਆਂ ਵਿੱਚ ਸਿੱਖਿਆ ਹੈ, ਜੋ ਰਾਜ ਸਰਕਾਰ ਦੁਆਰਾ ਸਮੇਂ ਸਮੇਂ ਤੇ ਉਚਿਤ ਸਮਝੀ ਜਾਵੇ;

(ਕ) ਯੂਨੀਵਰਸਿਟੀ" ਦਾ ਮਤਲਬ ਹੈ ਆਈ. ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ ਜਿਵੇਂ ਇਸ ਐਕਟ ਅਧੀਨ ਨਿਗਮਤ ਹੋਵੇ।

ਯੂਨੀਵਰਸਿਟੀ ਦਾ ਨਿਗਮਨ।

3. (1) ਯੂਨੀਵਰਸਿਟੀ ਦਾ ਪਹਿਲਾ ਚਾਂਸਲਰ ਅਤੇ ਪਹਿਲਾ ਵਾਈਸ-ਚਾਂਸਲਰ ਅਤੇ ਗਵਰਨਰਾਂ ਦੇ ਬੋਰਡ ਅਤੇ ਅਕਾਦਮਿਕ ਕੌਂਸਲ ਦੇ ਪਹਿਲੇ ਮੈਂਬਰ ਅਤੇ ਉਹ ਸਾਰੇ ਵਿਅਕਤੀ ਜੋ ਇਸ ਤੋਂ ਪਿੱਛੋਂ ਅਜਿਹੇ ਅਧਿਕਾਰੀ ਜਾਂ

ਮੈਂਬਰ ਬਣ ਸਕਦੇ ਹਨ, ਜਿੰਨਾ ਚਿਰ ਉਹ ਅਜਿਹਾ ਅਹੁਦਾ ਜਾਂ ਮੈਂਬਰਸ਼ਿਪ ਧਾਰਨ ਕਰੀ ਰੱਖਦੇ ਹਨ, ਇਸ ਦੁਆਰਾ "ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ" ਦੇ ਨਾਂ ਨਾਲ ਇੱਕ ਨਿਗਮਤ ਬੌਡੀ ਗਠਤ ਕੀਤੇ ਜਾਂਦੇ ਹਨ।

(2) ਯੂਨੀਵਰਸਿਟੀ ਦਾ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੁਹਰ ਹੋਵੇਗੀ, ਜਿਸ ਕੋਲ ਸੰਪੱਤੀ ਨੂੰ ਅਰਜਤ ਕਰਨ, ਧਾਰਨ ਕਰਨ, ਨਿਬੇੜਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(3) ਯੂਨੀਵਰਸਿਟੀ ਜਲੰਧਰ ਵਿਖੇ ਸਥਿਤ ਹੋਵੇਗੀ।

4. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਰਤੱਵ ਹੋਣਗੇ,- ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਰਤੱਵ।

(1) ਤਕਨੀਕੀ ਸਿੱਖਿਆ ਪ੍ਰਦਾਨ ਕਰਨ, ਅਪਗ੍ਰੇਡ ਕਰਨ ਅਤੇ ਤਕਨੀਕੀ ਸਿੱਖਿਆ ਵਿੱਚ ਸਿਖਲਾਈ ਅਤੇ ਖੋਜ ਨੂੰ ਉਤਸ਼ਾਹਿਤ ਕਰਨ ਅਤੇ ਉਦਯੋਗ ਦੇ ਨਾਲ ਨੇੜਲੇ ਸਹਿਯੋਗ ਨਾਲ ਤਕਨੀਕੀ ਸਿੱਖਿਆ ਦੀ ਤਲਾਸ਼ ਲਈ ਸਹਾਈ ਵਾਤਾਵਰਣ ਸਿਰਜਣ ਲਈ ਉਪਬੰਧ ਕਰਨਾ;

(2) ਮਸ਼ਵਰਾ ਸੇਵਾਵਾਂ, ਟੈਸਟਿੰਗ ਸੇਵਾਵਾਂ, ਨਿਰੰਤਰ ਸਿੱਖਿਆ ਪ੍ਰੋਗਰਾਮਾਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਹਿਯੋਗਾਂ ਅਤੇ ਬੌਧਿਕ ਸੰਪੱਤੀ ਅਧਿਕਾਰਾਂ ਦੇ ਇੰਤਕਾਲ ਰਾਹੀਂ ਸਰੋਤ ਪੈਦਾ ਕਰਨਾ ਅਤੇ ਬਣਾਈ ਰੱਖਣਾ;

(3) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਨੂੰ ਸੰਸਥਿਤ ਕਰਨਾ ਅਤੇ ਪ੍ਰਦਾਨ ਕਰਨਾ;

(4) ਪ੍ਰੀਖਿਆਵਾਂ ਕਰਵਾਉਣਾ ਅਤੇ ਉਨ੍ਹਾਂ ਵਿਅਕਤੀਆਂ ਨੂੰ ਅਤੇ 'ਤੇ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਉਪਾਧੀਆਂ ਦੇਣਾ ਅਤੇ ਪ੍ਰਦਾਨ ਕਰਨਾ, ਜਿਨ੍ਹਾਂ ਨੇ-

(ੳ) ਯੂਨੀਵਰਸਿਟੀ ਜਾਂ ਇਸ ਦੇ ਕਿਸੇ ਕਾਲਜ ਵਿੱਚ ਅਧਿਐਨ ਦਾ ਕੋਰਸ ਪੂਰਾ ਕੀਤਾ ਹੋਵੇਗਾ, ਜਦੋਂ ਤੱਕ ਉਸ ਨੂੰ ਵਿਨਿਯਮ ਦੁਆਰਾ ਮੁਕੱਰਰ ਤਰੀਕੇ ਨਾਲ ਇਸ ਤੋਂ ਛੋਟ ਨ ਦਿੱਤੀ ਗਈ ਹੋਵੇ ਅਤੇ ਯੂਨੀਵਰਸਿਟੀ ਦੁਆਰਾ ਮੁਕੱਰਰ ਪ੍ਰੀਖਿਆਵਾਂ ਪਾਸ ਕੀਤੀਆਂ ਹੋਣਗੀਆਂ;

(ਅ) ਵਿਨਿਯਮਾਂ ਦੁਆਰਾ ਮੁਕੱਰਰ ਸ਼ਰਤਾਂ ਅਧੀਨ ਖੋਜ ਕੀਤੀ ਹੋਵੇਗੀ;

(5) ਵਿਨਿਯਮਾਂ ਦੁਆਰਾ ਨਿਯਤ ਕੀਤੇ ਤਰੀਕੇ ਨਾਲ ਮਾਨਅਰਥ ਡਿਗਰੀਆਂ ਪ੍ਰਦਾਨ ਕਰਨਾ;

(6) ਯੂਨੀਵਰਸਿਟੀ ਦੁਆਰਾ ਲੋੜੀਂਦੀਆਂ ਪ੍ਰੋਫ਼ੈਸਰਸ਼ਿਪਾਂ, ਰੀਡਰਸ਼ਿਪਾਂ, ਲੈਕਚਰਾਰਸ਼ਿਪਾਂ ਅਤੇ ਹੋਰ ਕੋਈ ਅਧਿਆਪਨ ਆਸਾਮੀਆਂ ਸੰਸਥਿਤ ਕਰਨਾ ਅਤੇ

ਅਜਿਹੀਆਂ ਪ੍ਰੋਫ਼ੈਸਰਸ਼ਿਪਾਂ, ਰੀਡਰਸ਼ਿਪਾਂ, ਲੈਕਚਰਾਰਸ਼ਿਪਾਂ ਅਤੇ ਹੋਰ ਆਸਾਮੀਆਂ ਤੇ ਵਿਅਕਤੀਆਂ ਨੂੰ ਨਿਯੁਕਤ ਕਰਨਾ;

(7) ਵਿਨਿਯਮਾਂ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਫ਼ੈਲੋਸ਼ਿਪਾਂ, ਵਜ਼ੀਫ਼ੇ, ਵਿਦਿਆਰਥੀ-ਵਜ਼ੀਫ਼ੇ, ਵਜ਼ੀਫੇ ਅਤੇ ਇਨਾਮਾਂ ਨੂੰ ਸੰਸਥਿਤ ਕਰਨਾ ਅਤੇ ਪੁਰਸਕਾਰ ਦੇਣਾ;

(8) ਵੱਡੇ ਕਮਰਿਆਂ ਅਤੇ ਹੋਸਟਲਾਂ ਨੂੰ ਸੰਸਥਿਤ ਕਰਨਾ ਅਤੇ ਕਾਇਮ ਰੱਖਣਾ;

(9) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਰਿਹਾਇਸ਼ ਅਤੇ ਅਨੁਸ਼ਾਸਨ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ ਅਤੇ ਉਨ੍ਹਾਂ ਦੀ ਸਿਹਤ ਅਤੇ ਆਮ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਪ੍ਰਬੰਧ ਕਰਨਾ;

(10) ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀਆਂ, ਅਜਾਇਬ ਘਰਾਂ ਨੂੰ ਸੰਗਠਤ ਕਰਨਾ ਅਤੇ ਅਧਿਆਪਨ ਅਤੇ ਖੋਜ ਲਈ ਲੋੜੀਂਦੇ ਅਜਿਹੇ ਹੋਰ ਸਾਜ਼-ਸਾਮਾਨ ਦਾ ਉਪਬੰਧ ਕਰਨਾ;

(11) ਅਜਿਹੀਆਂ ਫ਼ੀਸਾਂ ਅਤੇ ਹੋਰ ਖ਼ਰਚਿਆਂ ਦੀ ਮੰਗ ਕਰਨਾ ਅਤੇ ਪ੍ਰਾਪਤ ਕਰਨਾ, ਜਿਵੇਂ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਜਾਵੇ;

(12) ਟਰੱਸਟਾਂ ਅਤੇ ਇੰਡੋਮੈਂਟਾਂ ਨੂੰ ਧਾਰਨ ਕਰਨਾ ਅਤੇ ਉਸ ਦਾ ਪ੍ਰਬੰਧ ਕਰਨਾ ਜੋ ਯੂਨੀਵਰਸਿਟੀ ਦੇ ਪੱਖ ਵਿੱਚ ਸਿਰਜੇ ਜਾਣ;

(13) (ੳ) ਛਪਾਈ ਅਤੇ ਪ੍ਰਕਾਸ਼ਨ ਵਿਭਾਗ;

(ਅ) ਯੂਨੀਵਰਸਿਟੀ ਵਿਸਤਾਰ ਬੋਰਡ;

(ੲ) ਸੂਚਨਾ ਬਿਊਰੋ; ਅਤੇ

(ਸ) ਰੁਜ਼ਗਾਰ ਬਿਊਰੋ,

ਸੰਸਥਿਤ ਕਰਨੇ ਅਤੇ ਉਨ੍ਹਾਂ ਦਾ ਪ੍ਰਬੰਧ ਕਰਨਾ;

(14) ਵਿੱਦਿਅਕ ਤੌਰ ਤੇ ਪੱਛੜੇ ਵਰਗਾਂ ਅਤੇ ਫ਼ਿਰਕਿਆਂ ਵਿਚਕਾਰ ਤਕਨੀਕੀ ਸਿੱਖਿਆ ਦੇ ਪ੍ਰਸਾਰ ਲਈ ਵਿਸ਼ੇਸ਼ ਉਪਬੰਧ ਕਰਨੇ;

(15) (ੳ) ਨੈਸ਼ਨਲ ਕੈਡੇਟ ਕੋਰ ਜਾਂ ਹੋਰ ਉਹੋ ਜਿਹੇ ਸੰਗਠਨਾਂ ਦੀ ਦੇਖਭਾਲ;

(ਅ) ਸਰੀਰਕ ਅਤੇ ਸੈਨਿਕ ਸਿਖਲਾਈ; ਅਤੇ

(ੲ) ਖੇਡਾਂ ਅਤੇ ਐਥਲੈਟਿਕ ਕਲੱਬਾਂ;

ਲਈ ਉਪਬੰਧ ਕਰਨਾ;

(16) ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਆਸਾਮੀਆਂ ਸਿਰਜਨਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(17) ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਤੋਂ ਤੋਹਫ਼ੇ, ਦਾਨ, ਪੁੰਨ-ਅਰਥ-ਦਾਨ ਪ੍ਰਾਪਤ ਕਰਨਾ ਅਤੇ ਵਸੀਅਤਕਾਰਾਂ, ਹਿੱਬਾਕਾਰਾਂ

ਜਾਂ ਇੰਤਕਾਲਕਾਰਾਂ ਤੋਂ, ਜਿਹੀ ਕਿ ਸੂਰਤ ਹੋਵੇ, ਚੁੱਕਵੀਂ ਅਤੇ ਅਚੁੱਕਵੀਂ ਸੰਪੱਤੀ ਦੇ ਵਸੀਅਤੀ ਵਿਰਸਾ, ਦਾਨ ਅਤੇ ਇੰਤਕਾਲ ਪ੍ਰਾਪਤ ਕਰਨਾ; ਅਤੇ

(18) ਅਜਿਹੇ ਸਾਰੇ ਹੋਰ ਕਾਰਜ ਕਰਨਾ ਭਾਵੇਂ ਉਪਰੋਕਤ ਸ਼ਕਤੀਆਂ ਦੇ ਅਨੁਸੰਗਕ ਹੋਣ ਜਾਂ ਨ ਹੋਣ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਲੋੜੀਂਦੇ ਹੋਣ।

ਸ਼ਕਤੀਆਂ ਦੀ ਰਾਜ- ਖੇਤਰੀ ਵਰਤੋਂ।

5. (1) ਰਾਜ-ਖੇਤਰੀ ਸੀਮਾਵਾਂ ਜਿਨ੍ਹਾਂ ਵਿੱਚ ਯੂਨੀਵਰਸਿਟੀ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਆਪਣੇ ਕਰਤੱਵਾਂ ਨੂੰ ਨਿਭਾਏਗੀ ਪੂਰਾ ਪੰਜਾਬ ਰਾਜ ਅਤੇ ਪੰਜਾਬ ਰਾਜ ਤੋਂ ਬਾਹਰਲੇ ਹੋਰ ਖੇਤਰ ਹੋਣਗੇ ਜਿਵੇਂ ਕਿਸੇ ਵਿਨਿਯਮ ਅਤੇ ਪ੍ਰਵਿਧਾਨਾਂ ਦੇ ਤਾਬੇ ਗਵਰਨਰਾਂ ਦੇ ਬੋਰਡ ਦੁਆਰਾ ਸਮੇਂ ਸਮੇਂ 'ਤੇ ਫ਼ੈਸਲਾ ਕੀਤਾ ਜਾਵੇ।

(2) ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਤਕਨੀਕੀ ਸਿੱਖਿਆ ਪ੍ਰਦਾਨ ਕਰਨ ਵਾਲਾ ਅਤੇ ਉਪ-ਧਾਰਾ (1) ਅਧੀਨ ਉਲਿਖਤ ਖੇਤਰ ਦੀਆਂ ਸੀਮਾਵਾਂ ਦੇ ਅੰਦਰ ਸਥਿਤ ਕੋਈ ਵੀ ਕਾਲਜ, ਅਜਿਹੀ ਤਰੀਕ ਤੋਂ, ਜੋ ਰਾਜ ਸਰਕਾਰ ਦੁਆਰਾ ਇਸ ਦੇ ਨਮਿੱਤ ਅਧਿਸੂਚਿਤ ਕੀਤੀ ਜਾਵੇ, ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰਾਂ ਨਾਲ ਸਹਿਯੁਕਤ ਅਤੇ ਸ਼ਾਮਲ ਕੀਤਾ ਸਮਝਿਆ ਜਾਵੇਗਾ ਅਤੇ ਕਿਸੇ ਵੀ ਤਰੀਕੇ ਨਾਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਕਿਸੇ ਵੀ ਵਿਸ਼ੇਸ਼ ਅਧਿਕਾਰਾਂ ਨਾਲ ਸਹਿਯੁਕਤ ਜਾਂ ਸ਼ਾਮਲ ਨਹੀਂ ਰਹੇਗਾ:

ਪਰੰਤੂ-

(ੳ) ਉਕਤ ਤਰੀਕ ਤੋਂ ਪਹਿਲਾਂ ਉਪਰ ਜ਼ਿਕਰ ਕੀਤੀਆਂ ਯੂਨੀਵਰਸਿਟੀਆਂ ਨਾਲ ਸੰਬੱਧਤ ਕਿਸੇ ਵੀ ਅਜਿਹੇ ਕਾਲਜ ਦੇ ਕਿਸੇ ਵੀ ਵਿਦਿਆਰਥੀ ਨੂੰ, ਜੋ ਉਕਤ ਯੂਨੀਵਰਸਿਟੀਆਂ ਦੀ ਕਿਸੇ ਵੀ ਡਿਗਰੀ ਜਾਂ ਡਿਪਲੋਮਾ ਪ੍ਰੀਖਿਆ ਲਈ ਅਧਿਐਨ ਕਰ ਰਿਹਾ ਸੀ, ਉਸ ਨੂੰ ਇਸ ਦੀ ਤਿਆਰੀ ਲਈ ਆਪਣਾ ਕੋਰਸ ਪੂਰਾ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਯੂਨੀਵਰਸਿਟੀ ਅਜਿਹੇ ਵਿਦਿਆਰਥੀਆਂ ਲਈ ਉਨ੍ਹਾਂ ਯੂਨੀਵਰਸਿਟੀਆਂ ਵਿੱਚ ਨਾਫ਼ਜ਼ ਅਧਿਐਨ ਦੇ ਪਾਠਕ੍ਰਮ ਦੀ ਅਨੁਸਾਰਤਾ ਵਿੱਚ ਅਜਿਹੀ ਮੁੱਦਤ ਲਈ ਪ੍ਰੀਖਿਆ ਆਯੋਜਿਤ ਕਰਵਾਏਗੀ, ਜਿਵੇਂ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਜਾਵੇ; ਅਤੇ

(ਅ) ਕੋਈ ਅਜਿਹਾ ਵਿਦਿਆਰਥੀ, ਜਦੋਂ ਤੱਕ ਯੂਨੀਵਰਸਿਟੀ ਦੁਆਰਾ ਅਜਿਹੀ ਕੋਈ ਪ੍ਰੀਖਿਆ ਆਯੋਜਿਤ ਨਹੀਂ ਕੀਤੀ ਜਾਂਦੀ, ਉਕਤ ਯੂਨੀਵਰਸਿਟੀਆਂ ਦੀ ਪ੍ਰੀਖਿਆ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਉਨ੍ਹਾਂ ਯੂਨੀਵਰਸਿਟੀਆਂ ਦੀ ਡਿਗਰੀ, ਡਿਪਲੋਮਾ ਜਾਂ ਕੋਈ ਹੋਰ ਵਿਸ਼ੇਸ਼ ਅਧਿਕਾਰ ਪ੍ਰਦਾਨ ਕੀਤੇ ਜਾਣਗੇ, ਜਿਨ੍ਹਾਂ ਲਈ ਉਹ ਅਜਿਹੀ ਪ੍ਰੀਖਿਆ ਦੇ ਨਤੀਜੇ ਤੇ ਕਾਬਲ ਬਣਦਾ ਹੈ।

ਯੂਨੀਵਰਸਿਟੀ ਦਾ ਧਰਮ, ਨਸਲ, ਜਾਤ, ਲਿੰਗ ਜਾਂ ਜਨਮ ਸਥਾਨ ਦੇ ਬਿਨ੍ਹਾਂ ਲਿਹਾਜ਼ ਸਾਰਿਆਂ ਲਈ ਖੁੱਲ੍ਹੀ ਹੋਣਾ।

6. (1) ਕਿਸੇ ਵੀ ਵਿਅਕਤੀ ਨੂੰ ਧਰਮ, ਨਸਲ, ਜਾਤ, ਲਿੰਗ, ਜਨਮ ਸਥਾਨ ਜਾਂ ਇਨ੍ਹਾਂ ਵਿੱਚੋਂ ਕਿਸੇ ਵੀ ਆਧਾਰ 'ਤੇ ਯੂਨੀਵਰਸਿਟੀ ਦੇ ਕਿਸੇ ਵੀ ਅਹੁਦੇ ਤੋਂ ਜਾਂ ਇਸ ਦੀਆਂ ਕਿਸੇ ਅਥਾਰਟੀਆਂ ਦੀ ਮੈਂਬਰਸ਼ਿਪ ਤੋਂ ਜਾਂ ਕਿਸੇ ਡਿਗਰੀ, ਡਿਪਲੋਮਾ ਜਾਂ ਹੋਰ ਅਕਾਦਮਿਕ ਉਪਾਧੀਆਂ ਜਾਂ ਅਧਿਐਨ ਦੇ ਕੋਰਸ ਵਿੱਚ ਦਾਖ਼ਲੇ ਤੋਂ ਬਾਹਰ ਨਹੀਂ ਰੱਖਿਆ ਜਾਵੇਗਾ:

ਪਰੰਤੂ ਯੂਨੀਵਰਸਿਟੀ ਕਿਸੇ ਵੀ ਕਾਲਜ ਨੂੰ ਕੇਵਲ ਔਰਤਾਂ ਲਈ ਜਾਂ ਤਾਂ ਵਿੱਦਿਆ, ਸਿੱਖਿਆ-ਦੀਖਿਆ ਜਾਂ ਰਿਹਾਇਸ਼ ਲਈ ਰੱਖ ਸਕਦੀ ਹੈ ਜਾਂ ਕਿਸੇ ਵੀ ਕਾਲਜ ਵਿੱਚ ਵਿਦਿਆਰਥੀਆਂ ਵਜੋਂ ਦਾਖ਼ਲੇ ਦੇ ਪ੍ਰਯੋਜਨਾਂ ਲਈ ਔਰਤਾਂ ਜਾਂ ਵਿੱਦਿਅਕ ਤੌਰ ਤੇ ਪੱਛੜੇ ਵਰਗਾਂ ਅਤੇ ਫ਼ਿਰਕਿਆਂ ਦੇ ਮੈਂਬਰਾਂ ਲਈ ਰਾਖਵਾਂ ਰੱਖ ਸਕਦੀ ਹੈ।

(2) ਕਿਸੇ ਵੀ ਵਿਅਕਤੀ ਨੂੰ ਯੂਨੀਵਰਸਿਟੀ ਵਿੱਚ ਕੋਈ ਆਸਾਮੀ ਜਾਂ ਕੋਈ ਅਹੁਦਾ ਧਾਰਨ ਕਰਨ ਜਾਂ ਯੂਨੀਵਰਸਿਟੀ ਦੇ ਕਿਸੇ ਵਿਸ਼ੇਸ਼ ਅਧਿਕਾਰਾਂ ਜਾਂ ਉਸ ਦੇ ਪੁੰਨ-ਅਰਥ-ਦਾਨ ਦਾ ਆਨੰਦ ਲੈਣ ਜਾਂ ਵਰਤੋਂ ਕਰਨ ਦਾ ਹੱਕਦਾਰ ਬਣਾਉਣ ਲਈ ਯੂਨੀਵਰਸਿਟੀ ਲਈ ਇਹ ਕਾਨੂੰਨ-ਪੂਰਨ ਨਹੀਂ ਹੋਵੇਗਾ ਕਿ ਉਹ ਕਿਸੇ ਵੀ ਵਿਅਕਤੀ 'ਤੇ ਧਰਮ, ਨਸਲ, ਜਾਤ, ਲਿੰਗ, ਜਨਮ ਸਥਾਨ ਸੰਬੰਧੀ ਕੋਈ ਟੈਸਟ ਅਰੋਪੇ।

ਯੂਨੀਵਰਸਿਟੀ ਦੇ ਅਧਿਕਾਰੀ।

7. ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਚਾਂਸਲਰ;

(ii) ਵਾਈਸ-ਚਾਂਸਲਰ;

(iii) * * * *

(iv) ਰਜਿਸਟਰਾਰ, ਅਤੇ

(v) ਯੂਨੀਵਰਸਿਟੀ ਦੀ ਸੇਵਾ ਵਿੱਚ ਅਜਿਹੇ ਹੋਰ ਵਿਅਕਤੀ, ਜੋ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ ਐਲਾਨੇ ਜਾਣ।

ਅਧਿਕਾਰੀਆਂ ਦੀ ਨਿਯੁਕਤੀ, ਸ਼ਕਤੀਆਂ ਅਤੇ ਕਰਤੱਵ, ਉਨ੍ਹਾਂ ਦੇ ਅਹੁਦੇ ਦੀ ਅਉਧ।

8. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਚਾਂਸਲਰ, ਵਾਈਸ-ਚਾਂਸਲਰ ਅਤੇ ਰਜਿਸਟਰਾਰ ਤੋਂ ਬਿਨ੍ਹਾਂ ਯੂਨੀਵਰਸਿਟੀ ਦੇ ਅਧਿਕਾਰੀਆਂ ਦੀਆਂ ਸ਼ਕਤੀਆਂ ਅਤੇ ਕਰਤੱਵ, ਅਉਧ ਜਿਸ ਲਈ ਉਹ ਅਹੁਦਾ ਧਾਰਨ ਕਰਨਗੇ ਅਤੇ ਅਜਿਹੇ

ਅਹੁਦਿਆਂ ਵਿੱਚ ਇਤਫ਼ਾਕੀਆ ਖ਼ਾਲੀ ਆਸਾਮੀਆਂ ਨੂੰ ਭਰਨਾ ਵਿਨਿਯਮਾਂ ਦੁਆਰਾ ਉਪਬੰਧਤ ਕੀਤਾ ਜਾਵੇਗਾ।

(2) ਚਾਂਸਲਰ, ਵਾਈਸ-ਚਾਂਸਲਰ ਅਤੇ ਰਜਿਸਟਰਾਰ ਤੋਂ ਬਿਨ੍ਹਾਂ ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਨਿਯੁਕਤੀ ਦੀ ਵਿਧੀ, ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਕਾਜਕਾਰ, ਵਿਨਿਯਮਾਂ ਦੁਆਰਾ ਮੁਕੱਰਰ ਕੀਤੇ ਜਾਣਗੇ ਜਿੱਥੋਂ ਤੱਕ ਉਹ ਇੱਥੇ ਉਪਬੰਧਤ ਨਹੀਂ ਕੀਤੇ ਗਏ ਹਨ।

ਚਾਂਸਲਰ।

9. ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ।

ਵਾਈਸ-ਚਾਂਸਲਰ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਅਤੇ ਸੇਵਾ ਦੀਆਂ ਸ਼ਰਤਾਂ।

10. (1) ਵਾਈਸ-ਚਾਂਸਲਰ, ਚਾਂਸਲਰ ਦੁਆਰਾ ਗਵਰਨਰਾਂ ਦੇ ਬੋਰਡ ਦੁਆਰਾ ਨਾਮਜ਼ਦ ਕੀਤੀ ਖੋਜ ਕਮੇਟੀ ਰਾਹੀਂ ਗਵਰਨਰਾਂ ਦੇ ਬੋਰਡ ਦੁਆਰਾ ਸਿਫ਼ਾਰਸ਼ ਕੀਤੇ ਵਿਅਕਤੀਆਂ ਦੇ ਪੈਨਲ ਵਿੱਚੋਂ ਰਾਜ ਸਰਕਾਰ ਦੀ ਸਲਾਹ ਤੇ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਸਿਰ ਕੱਢਵੇਂ ਵਿਅਕਤੀਆਂ ਵਿੱਚੋਂ ਨਿਯੁਕਤ ਕੀਤਾ ਜਾਵੇਗਾ:

ਪ੍ਰੰਤੂ ਯੂਨੀਵਰਸਿਟੀ ਦੇ ਪਹਿਲੇ ਵਾਈਸ-ਚਾਂਸਲਰ ਨੂੰ ਰਾਜ ਸਰਕਾਰ ਦੁਆਰਾ ਯੂਨੀਵਰਸਿਟੀ ਦੇ ਰੋਜ਼ਾਨਾ ਦੇ ਕਾਰ-ਵਿਹਾਰਾਂ ਦਾ ਪ੍ਰਬੰਧ ਕਰਨ ਲਈ ਤਿੰਨ ਸਾਲਾਂ ਦੀ ਮੁੱਦਤ ਲਈ ਨਿਯੁਕਤ ਕੀਤਾ ਜਾਵੇਗਾ।

(2) ਵਾਈਸ-ਚਾਂਸਲਰ ਤਿੰਨ ਸਾਲਾਂ ਦੀ ਅਉਧ ਲਈ ਅਹੁਦਾ ਧਾਰਨ ਕਰੇਗਾ, ਜਿਸ ਨੂੰ ਚਾਂਸਲਰ ਦੁਆਰਾ ਗਵਰਨਰਾਂ ਦੇ ਬੋਰਡ ਦੀ ਉਹੋ ਜਿਹੀ ਸਲਾਹ ਅਤੇ ਸਿਫ਼ਾਰਸ਼ 'ਤੇ ਤਿੰਨ ਸਾਲਾਂ ਦੀ ਹੋਰ ਮੁੱਦਤ ਲਈ ਵਧਾਇਆ ਜਾ ਸਕੇਗਾ।

(3) ਚਾਂਸਲਰ, ਵਾਈਸ-ਚਾਂਸਲਰ ਦੇ ਮਿਹਨਤਾਨੇ ਦੀ ਰਕਮ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਨਿਰਧਾਰਤ ਕਰੇਗਾ:

ਪਰੰਤੂ ਅਜਿਹੇ ਨਿਬੰਧਨ ਅਤੇ ਸ਼ਰਤਾਂ ਵਾਈਸ-ਚਾਂਸਲਰ ਦੇ ਅਹੁਦੇ ਦੀ ਅਉਧ ਦੌਰਾਨ ਅਲਾਭ ਲਈ ਨਹੀਂ ਬਦਲੀਆਂ ਜਾਣਗੀਆਂ।

(4) ਵਾਈਸ-ਚਾਂਸਲਰ ਦੀ ਬਿਮਾਰੀ, ਗੈਰ-ਹਾਜ਼ਰੀ ਜਾਂ ਛੁੱਟੀ ਦੀ ਸੂਰਤ ਵਿੱਚ ਜਾਂ ਕਿਸੇ ਹੋਰ ਅਚਾਨਕਤਾ ਵਿੱਚ, ਫੈਕਲਟੀਆਂ ਦਾ ਸਭ ਤੋਂ ਸੀਨੀਅਰ ਡੀਨ ਵਾਈਸ-ਚਾਂਸਲਰ ਵਜੋਂ ਕੰਮ ਕਰੇਗਾ।

(5) ਵਾਈਸ-ਚਾਂਸਲਰ ਯੂਨੀਵਰਸਿਟੀ ਦਾ ਮੁੱਖ ਕਾਰਜਕਾਰੀ ਅਤੇ ਅਕਾਦਮਿਕ ਅਧਿਕਾਰੀ ਹੋਵੇਗਾ ਅਤੇ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਇਸ ਦੇ ਕਾਰ-ਵਿਹਾਰਾਂ ਉੱਤੇ ਆਮ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਪ੍ਰਭਾਵੀ ਬਣਾਏਗਾ।

(6) ਵਾਈਸ-ਚਾਂਸਲਰ ਕੋਲ ਅਕਾਦਮਿਕ ਕੌਂਸਲ ਦੀਆਂ ਇਕੱਤਰਤਾਵਾਂ ਬੁਲਾਉਣ ਦੀ ਸ਼ਕਤੀ ਹੋਵੇਗੀ।

(7) ਵਾਈਸ-ਚਾਂਸਲਰ ਦਾ ਇਹ ਕਰਤੱਵ ਹੋਵੇਗਾ ਕਿ ਉਹ ਇਹ ਸੁਨਿਸ਼ਚਿਤ ਕਰੇ ਕਿ ਇਸ ਐਕਟ ਅਤੇ ਵਿਨਿਯਮਾਂ ਦੇ ਉਪਬੰਧਾਂ ਦੀ ਵਫ਼ਾਦਾਰੀ

ਨਾਲ ਪਾਲਣਾ ਕੀਤੀ ਜਾਂਦੀ ਹੈ ਅਤੇ ਉਸ ਕੋਲ ਇਸ ਪ੍ਰਯੋਜਨ ਲਈ ਸਾਰੀਆਂ ਲੋੜੀਂਦੀਆਂ ਸ਼ਕਤੀਆਂ ਹੋਣਗੀਆਂ।

(8) ਜੇਕਰ, ਵਾਈਸ-ਚਾਂਸਲਰ ਦੀ ਰਾਏ ਵਿੱਚ, ਕੋਈ ਸੰਕਟਕਾਲ ਪੈਦਾ ਹੋ ਗਿਆ ਹੈ ਜਿਸ ਲਈ ਤੁਰੰਤ ਕਾਰਵਾਈ ਕੀਤੀ ਜਾਣੀ ਲੋੜੀਂਦੀ ਹੈ, ਤਾਂ ਵਾਈਸ-ਚਾਂਸਲਰ ਅਜਿਹੀ ਕਾਰਵਾਈ ਕਰੇਗਾ ਜੋ ਉਹ ਜ਼ਰੂਰੀ ਸਮਝੇ ਅਤੇ ਅਗਲੀ ਇਕੱਤਰਤਾ ਵਿੱਚ ਉਸ ਦੀ ਪੁਸ਼ਟੀ ਲਈ ਅਥਾਰਟੀ ਨੂੰ ਉਸਦੀ ਰਿਪੋਟ ਕਰੇਗਾ, ਜਿਸ ਵੱਲੋਂ ਸਾਧਾਰਨ ਅਨੁਕ੍ਰਮ ਤੇ ਇਸ ਮਾਮਲੇ ਨੂੰ ਨਜਿੱਠਿਆ ਜਾਣਾ ਸੀ:

ਪਰੰਤੂ ਜੇਕਰ ਵਾਈਸ-ਚਾਂਸਲਰ ਦੁਆਰਾ ਕੀਤੀ ਗਈ ਕਾਰਵਾਈ ਸਬੰਧਤ ਅਥਾਰਟੀ ਦੁਆਰਾ ਪ੍ਰਵਾਨ ਨਹੀਂ ਕੀਤੀ ਜਾਂਦੀ ਹੈ, ਤਾਂ ਉਹ ਉਸ ਮਾਮਲੇ ਨੂੰ ਚਾਂਸਲਰ ਨੂੰ ਭੇਜ ਸਕੇਗਾ, ਜਿਸ 'ਤੇ ਉਸਦਾ ਫ਼ੈਸਲਾ ਅੰਤਮ ਹੋਵੇਗਾ:

ਪਰੰਤੂ ਇਹ ਹੋਰ ਕਿ ਜਿੱਥੇ ਵਾਈਸ-ਚਾਂਸਲਰ ਦੁਆਰਾ ਕੀਤੀ ਗਈ ਅਜਿਹੀ ਕੋਈ ਕਾਰਵਾਈ ਯੂਨੀਵਰਸਿਟੀ ਦੀ ਸੇਵਾ ਵਿੱਚ ਕਿਸੇ ਵਿਅਕਤੀ ਨੂੰ ਪ੍ਰਭਾਵਤ ਕਰਦੀ ਹੈ, ਤਾਂ ਅਜਿਹਾ ਵਿਅਕਤੀ ਅਜਿਹੀ ਕਾਰਵਾਈ ਦਾ ਨੋਟਿਸ ਪ੍ਰਾਪਤ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ ਗਵਰਨਰਾਂ ਦੇ ਬੋਰਡ ਨੂੰ ਅਪੀਲ ਕਰਨ ਦਾ ਹੱਕਦਾਰ ਹੋਵੇਗਾ।

11. * * * *

ਰਜਿਸਟਰਾਰ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਅਤੇ ਸੇਵਾ ਦੀਆਂ ਸ਼ਰਤਾਂ।

12. (1) ਰਜਿਸਟਰਾਰ ਨੂੰ ਵਾਈਸ-ਚਾਂਸਲਰ ਦੀਆਂ ਸਿਫ਼ਾਰਸ਼ਾਂ 'ਤੇ ਗਵਰਨਰਾਂ ਦੇ ਬੋਰਡ ਦੁਆਰਾ ਤਿੰਨ ਸਾਲਾਂ ਦੀ ਮੁੱਦਤ ਲਈ ਨਿਯੁਕਤ ਕੀਤਾ ਜਾਵੇਗਾ, ਜਿਸ ਨੂੰ ਤਿੰਨ ਸਾਲਾਂ ਦੀ ਹੋਰ ਅਉਧ ਲਈ ਵਧਾਇਆ ਜਾ ਸਕੇਗਾ।

(2) ਰਜਿਸਟਰਾਰ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਗਵਰਨਰਾਂ ਦੇ ਬੋਰਡ ਦੁਆਰਾ ਨਿਰਧਾਰਤ ਕੀਤੀਆਂ ਜਾਣ।

(3) ਰਜਿਸਟਰਾਰ ਗਵਰਨਰਾਂ ਦੇ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਅਹੁਦੇ-ਕਾਰਨ ਸਕੱਤਰ ਹੋਵੇਗਾ।

(4) ਰਜਿਸਟਰਾਰ ਦਾ ਇਹ ਕਰਤੱਵ ਹੋਵੇਗਾ ਕਿ ਉਹ,-

(ੳ) ਯੂਨੀਵਰਸਿਟੀ ਦੇ ਰਿਕਾਰਡ, ਸਾਂਝੀ ਮੁਹਰ ਅਤੇ ਅਜਿਹੀ ਹੋਰ ਸੰਪੱਤੀ ਦਾ ਸਪੁਰਦਾਰ ਹੋਵੇ ਜੋ ਗਵਰਨਰਾਂ ਦਾ ਬੋਰਡ ਉਸ ਦੇ ਚਾਰਜ ਵਿੱਚ ਸੌਂਪੇ;

(ਅ) ਗਵਰਨਰਾਂ ਦੇ ਬੋਰਡ ਅਤੇ ਅਕਾਦਮਿਕ ਕੌਂਸਲ ਦੀਆਂ ਸਾਰੀਆਂ ਇਕੱਤਰਤਾਵਾਂ ਦੀ ਕਾਰਵਾਈ ਰਿਪੋਟ ਰੱਖਣਾ;

(ੲ) ਗਵਰਨਰਾਂ ਦੇ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਸਰਕਾਰੀ ਪੱਤਰ-ਵਿਹਾਰ ਦਾ ਸੰਚਾਲਣ ਕਰੇ;

(ਸ) ਯੂਨੀਵਰਸਿਟੀ ਦੀ ਪ੍ਰੀਖਿਆ ਲਈ ਪ੍ਰਬੰਧ ਅਤੇ ਉਸ ਦੀ ਨਿਗਰਾਨੀ ਕਰੇ;

(ਹ) ਚਾਂਸਲਰ ਨੂੰ ਯੂਨੀਵਰਸਿਟੀ ਦੀਆਂ ਅਥਾਰਟੀਆਂ ਦੀਆਂ ਇਕੱਤਰਤਾਵਾਂ ਦੇ ਏਜੰਡੇ ਦੀਆਂ ਨਕਲਾਂ ਜਿਉ ਹੀ ਉਹ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਅਥਾਰਟੀਆਂ ਦੀਆਂ ਇਕੱਤਰਤਾਵਾਂ ਦੀ ਕਾਰਵਾਈ ਰਿਪੋਟ ਸਾਧਾਰਨ ਤੌਰ ਤੇ ਇਕੱਤਰਤਾਵਾਂ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਸਪਲਾਈ ਕਰੇ; ਅਤੇ

(ਕ) ਅਜਿਹੇ ਹੋਰ ਕਰਤੱਵ ਨਿਭਾਵੇ ਜੋ ਸਮੇਂ ਸਮੇਂ ਤੇ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਜਾਂ ਗਵਰਨਰਾਂ ਦੇ ਬੋਰਡ ਦੁਆਰਾ ਉਸ ਨੂੰ ਸੌਂਪੇ ਜਾਣ।

13. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:- ਯੂਨੀਵਰਸਿਟੀ ਦੀਆਂ ਅਥਾਰਟੀਆਂ।

(i) ਗਵਰਨਰਾਂ ਦਾ ਬੋਰਡ;

(ii) ਅਕਾਦਮਿਕ ਕੌਂਸਲ;

(iii) ਫੈਕਲਟੀਆਂ;

(iv) ਅਧਿਐਨ ਬੋਰਡ; ਅਤੇ

(v) ਅਜਿਹੀਆਂ ਹੋਰ ਅਥਾਰਟੀਆਂ, ਜੋ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਜਾਣ।

14. (1) ਬੋਰਡ ਇੱਕ ਚੇਅਰਮੈਨ, ਇੱਕ ਵਾਈਸ-ਚੇਅਰਮੈਨ, ਸੱਤ ਅਹੁਦੇ-ਕਾਰਨ ਮੈਂਬਰਾਂ ਅਤੇ ਛੇ ਨਾਮਜ਼ਦ ਮੈਂਬਰਾਂ ਤੋਂ ਮਿਲ ਕੇ ਬਣੇਗਾ। ਗਵਰਨਰਾਂ ਦੇ ਬੋਰਡ ਦਾ ਗਠਨ।

(2) (ੳ) ਚੇਅਰਮੈਨ, ਰਾਜ ਸਰਕਾਰ ਦੀ ਸਲਾਹ 'ਤੇ ਇੱਕ ਪਾਰਦਰਸ਼ੀ ਜਾਂਚ ਪ੍ਰਕਿਰਿਆ ਰਾਹੀਂ ਉਦਯੋਗ, ਤਕਨਾਲੋਜੀ ਜਾਂ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਰਾਸ਼ਟਰੀ ਪ੍ਰਸਿੱਧੀ ਵਾਲੇ ਵਿਅਕਤੀਆਂ ਦੇ ਤਿਆਰ ਕੀਤੇ ਇੱਕ ਪੈਨਲ ਵਿੱਚੋਂ, ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ।

(ਅ) ਜਦੋਂ ਚੇਅਰਮੈਨ ਦੀ ਅਸਾਮੀ ਖਾਲੀ ਹੋ ਜਾਂਦੀ ਹੈ, ਤਾਂ ਵਾਈਸ-ਚੇਅਰਮੈਨ ਨਵੇਂ ਚੇਅਰਮੈਨ ਦੀ ਨਿਯੁਕਤੀ ਤੱਕ ਚੇਅਰਮੈਨ ਵਜੋਂ ਕਾਰਜ ਕਰੇਗਾ।

(ੲ) ਚੇਅਰਮੈਨ ਨੂੰ ਰਾਜ ਸਰਕਾਰ ਦੁਆਰਾ ਅਹੁਦੇ ਤੋਂ ਹਟਾਇਆ ਜਾ ਸਕੇਗਾ, ਜੇ,-

(i) ਉਹ ਜਾਣਬੁੱਝ ਕੇ ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਤੋਂ ਇਨਕਾਰ ਕਰਦਾ ਹੈ; ਜਾਂ

(ii) ਉਹ ਆਪਣੇ ਵਿੱਚ ਨਿਹਿਤ ਸ਼ਕਤੀਆਂ ਦੀ ਦੁਰਵਰਤੋਂ ਕਰਦਾ ਹੈ; ਜਾਂ

(iii) ਉਸ ਨੂੰ ਦੀਵਾਲੀਆ ਨਿਆਂ-ਨਿਰਣਿਤ ਕੀਤਾ ਜਾਂਦਾ ਹੈ; ਜਾਂ

(iv) ਉਸ ਨੂੰ ਕਿਸੇ ਕਾਨੂੰਨ ਦੀ ਅਦਾਲਤ ਦੁਆਰਾ ਸਦਾਚਾਰਕ ਗਿਰਾਵਟ ਵਾਲੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਜਾਂਦਾ ਹੈ; ਜਾਂ

(v) ਰਾਜ ਸਰਕਾਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਦਾ ਅਹੁਦੇ ਤੇ ਬਣੇ ਰਹਿਣਾ ਜਨਤਕ ਹਿੱਤਾਂ ਲਈ ਹਾਨੀਕਾਰਕ ਹੈ:

ਪਰੰਤੂ ਇਸ ਉਪ-ਧਾਰਾ ਅਧੀਨ ਹਟਾਉਣ ਦਾ ਕੋਈ ਵੀ ਹੁਕਮ ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤੇ ਬਿਨਾਂ ਅਤੇ ਇਸ ਦੇ ਕਾਰਨ ਦਰਜ ਕਰਨ ਪਿੱਛੋਂ ਪਾਸ ਨਹੀਂ ਕੀਤਾ ਜਾਵੇਗਾ।

(3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਾਈਸ-ਚੇਅਰਮੈਨ ਹੋਵੇਗਾ।

(4) (ੳ) ਚੇਅਰਮੈਨ ਸਾਧਾਰਨ ਤੌਰ ਤੇ ਬੋਰਡ ਦੀਆਂ ਇਕੱਤਰਤਾਵਾਂ ਦੀ ਪ੍ਰਧਾਨਗੀ ਕਰੇਗਾ।

(ਅ) ਚਾਂਸਲਰ ਯੂਨੀਵਰਸਿਟੀ ਦੀ ਕੌਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ ਅਤੇ ਜੇ ਉਹ ਇਸ ਦੀ ਪ੍ਰਧਾਨਗੀ ਕਰਨ ਦੇ ਅਸਮਰੱਥ ਹੈ ਤਾਂ ਚੇਅਰਮੈਨ ਕੌਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) (ੳ) ਚਾਂਸਲਰ ਬੋਰਡ ਦੇ ਹੇਠ-ਲਿਖੇ ਮੈਂਬਰਾਂ ਨੂੰ ਤਿੰਨ ਸਾਲਾਂ ਦੀ ਮੁੱਦਤ ਲਈ ਨਾਮਜ਼ਦ ਕਰੇਗਾ ਅਤੇ ਉਹ ਉਸੇ ਮੁੱਦਤ ਦੀ ਇੱਕ ਹੋਰ ਅਉਧ ਲਈ ਮੁੜ ਨਾਮਜ਼ਦਗੀ ਦੇ ਪਾਤਰ ਹੋਣਗੇ, ਅਰਥਾਤ:-

(i) ਉੱਘੇ ਉਦਯੋਗਪਤੀਆਂ ਵਿੱਚੋਂ ਦੋ ਮੈਂਬਰ;

(ii) ਉੱਘੇ ਟੈਕਨਾਲੋਜਿਸਟਾਂ ਵਿੱਚੋਂ ਦੋ ਮੈਂਬਰ;

(iii) ਯੂਨੀਵਰਸਿਟੀ ਨਾਲ ਸੰਬੱਧਤ ਕਾਲਜਾਂ ਵਿੱਚੋਂ ਵਾਰੀ ਨਾਲ ਕਾਲਜ ਦਾ ਇੱਕ ਪ੍ਰਿੰਸੀਪਲ; ਅਤੇ

(iv) ਯੂਨੀਵਰਸਿਟੀ ਦੇ ਵਿਭਾਗਾਂ ਦੇ ਮੁੱਖੀਆਂ ਵਿੱਚੋਂ ਵਾਰੀ ਨਾਲ ਵਿਭਾਗ ਦਾ ਇੱਕ ਮੁੱਖੀ।

(ਅ) ਹੇਠ-ਲਿਖੇ ਅਹੁਦੇ-ਕਾਰਨ ਮੈਂਬਰ ਹੋਣਗੇ, ਅਰਥਾਤ:-

(i) ਵਾਈਸ-ਚਾਂਸਲਰ, ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ;

(ii) ਵਾਈਸ-ਚਾਂਸਲਰ, ਮਹਾਰਾਜਾ ਰਣਜੀਤ ਸਿੰਘ ਰਾਜ ਤਕਨੀਕੀ ਯੂਨੀਵਰਸਿਟੀ, ਬਠਿੰਡਾ;

(iii) ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ;

(iv) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ;

(v) ਉੱਤਰ-ਪੱਛਮ ਕਮੇਟੀ ਦਾ ਚੇਅਰਮੈਨ, ਸਰਬ ਭਾਰਤੀ ਤਕਨੀਕੀ ਸਿੱਖਿਆ ਪਰਿਸ਼ਦ, ਚੰਡੀਗੜ੍ਹ;

(vi) ਭਾਰਤੀ ਉਦਯੋਗ ਸੰਘ ਦਾ ਪ੍ਰਧਾਨ ਜਾਂ ਉਸ ਦਾ ਨਾਮਜ਼ਦ; ਅਤੇ

(vii) ਡਾਇਰੈਕਟਰ, ਭਾਰਤੀ ਤਕਨਾਲੋਜੀ ਸੰਸਥਾ, ਰੋਪੜ।

(6) ਜਦੋਂ ਬੋਰਡ ਵਿੱਚ ਕਿਸੇ ਮੈਂਬਰ ਦੇ ਅਸਤੀਫ਼ੇ ਜਾਂ ਮੌਤ ਕਾਰਨ ਜਾਂ ਕਿਸੇ ਹੋਰ ਤਰ੍ਹਾਂ ਕੋਈ ਅਸਾਮੀ ਖ਼ਾਲੀ ਹੋ ਜਾਂਦੀ ਹੈ, ਤਾਂ ਉਸ ਨੂੰ ਉਪ-ਧਾਰਾ (5) ਵਿੱਚ ਉਪਬੰਧਤ ਤਰੀਕੇ ਨਾਲ ਭਰਿਆ ਜਾਵੇਗਾ:

ਪਰੰਤੂ ਅਜਿਹੀ ਖ਼ਾਲੀ ਥਾਂ ਭਰਨ ਵਾਲਾ ਵਿਅਕਤੀ ਉਸ ਅਉਧ ਦੇ ਅਣ-ਗੁਜ਼ਰੇ ਹਿੱਸੇ ਲਈ ਅਹੁਦਾ ਧਾਰਨ ਕਰੇਗਾ ਜਿਸ ਲਈ ਉਹ ਵਿਅਕਤੀ ਜਿਸ ਦੀ ਥਾਂ ਤੇ ਉਹ ਮੈਂਬਰ ਬਣਦਾ ਹੈ, ਹੋਰ ਤਰ੍ਹਾਂ ਨਾਲ ਅਹੁਦੇ ਤੇ ਬਣਿਆ ਰਹਿੰਦਾ।

(7) ਬੋਰਡ ਯੂਨੀਵਰਸਿਟੀ ਦੀ ਸਰਵ-ਉੱਚ ਅਥਾਰਟੀ ਹੋਵੇਗੀ ਅਤੇ ਇਸ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ, ਅਰਥਾਤ:-

(ੳ) ਯੂਨੀਵਰਸਿਟੀ ਦੇ ਕਾਰ-ਵਿਹਾਰਾਂ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ;

(ਅ) ਵਾਈਸ-ਚਾਂਸਲਰ ਦੀਆਂ ਉਪਲੱਬਤਾਵਾਂ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਦੀ ਸਿਫ਼ਾਰਸ਼ ਕਰਨਾ;

(ੲ) ਅਕਾਦਮਿਕ ਪ੍ਰੋਗਰਾਮਾਂ ਨੂੰ ਪ੍ਰਵਾਨਗੀ ਦੇਣਾ;

(ਸ) ਵਿਨਿਯਮਾਂ ਨੂੰ ਬਣਾਉਣਾ ਅਤੇ ਪ੍ਰਵਾਨਗੀ ਦੇਣਾ;

(ਹ) ਵੱਖ-ਵੱਖ ਅਕਾਦਮਿਕ ਪ੍ਰੋਗਰਾਮਾਂ ਨੂੰ ਚਲਾਉਣ ਲਈ ਵਿਭਾਗਾਂ/ਕੇਂਦਰਾਂ/ਸਕੂਲਾਂ/ਅਧਿਐਨ ਬੋਰਡਾਂ ਨੂੰ ਸਿਰਜਣਾ;

(ਕ) ਯੂਨੀਵਰਸਿਟੀ ਵਿੱਚ ਫੈਕਲਟੀ ਅਤੇ ਅਮਲੇ ਦੀਆਂ ਪਦਵੀਆਂ ਸਿਰਜਣਾ;

(ਖ) ਯੂਨੀਵਰਸਿਟੀ ਬਜਟ ਨੂੰ ਪ੍ਰਵਾਨ ਕਰਨਾ;

(ਗ) ਯੂਨੀਵਰਸਿਟੀ ਦੇ ਫ਼ੰਡ ਨੂੰ ਪ੍ਰਸ਼ਾਸਤ ਅਤੇ ਕੰਟਰੋਲ ਕਰਨਾ ਅਤੇ ਬੈਂਕ ਖਾਤੇ ਖੋਲ੍ਹਣ ਅਤੇ ਚਲਾਉਣ ਲਈ ਅਧਿਕਾਰਤ ਕਰਨਾ;

(ਘ) ਯੂਨੀਵਰਸਿਟੀ ਦੀ ਚੁੱਕਵੀਂ, ਅਚੁੱਕਵੀਂ ਅਤੇ ਬੌਧਿਕ ਸੰਪੱਤੀ ਨੂੰ ਸਵੀਕਾਰ ਕਰਨਾ, ਮੁੰਤਕਿਲ ਕਰਨਾ ਅਤੇ ਹੋਰ ਤਰ੍ਹਾਂ ਕੰਟਰੋਲ ਕਰਨਾ;

(ਙ) ਯੂਨੀਵਰਸਿਟੀ ਦੀ ਸਾਂਝੀ ਮੁਹਰ ਦੇ ਰੂਪ ਅਤੇ ਵਰਤੋਂ ਬਾਰੇ ਫ਼ੈਸਲਾ ਕਰਨਾ;

(ਚ) ਅਜਿਹੀਆਂ ਕਮੇਟੀਆਂ ਨਿਯੁਕਤ ਕਰਨਾ ਜੋ ਯੂਨੀਵਰਸਿਟੀ ਦੇ ਕਾਰਜ ਕੁਸ਼ਲ ਕਾਜਕਾਰ ਲਈ ਲੋੜੀਂਦੀਆਂ ਹੋਣ;

(ਛ) ਯੂਨੀਵਰਸਿਟੀ ਦੇ ਫੈਕਲਟੀ ਅਤੇ ਅਮਲੇ ਦੀਆਂ ਉਪਲੱਭਤਾਵਾਂ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਨੂੰ ਪ੍ਰਵਾਨ ਕਰਨਾ; ਅਤੇ

(ਜ) ਮੁਆਇਦੇ 'ਤੇ ਕੰਮਾਂ ਅਤੇ ਸੇਵਾਵਾਂ ਦੇ ਨਿਭਾਉਣ ਨੂੰ ਪ੍ਰਵਾਨ ਕਰਨਾ।

(8) ਬੋਰਡ ਦੀ ਸਲਾਨਾ ਇਕੱਤਰਤਾ ਵਾਈਸ-ਚਾਂਸਲਰ ਦੁਆਰਾ ਚੇਅਰਮੈਨ ਨਾਲ ਮਸ਼ਵਰਾ ਕਰਕੇ ਨਿਯਤ ਕੀਤੀ ਗਈ ਤਰੀਕ ਨੂੰ ਆਯੋਜਿਤ ਕੀਤੀ ਜਾਵੇਗੀ। ਅਜਿਹੀ ਸਲਾਨਾ ਇਕੱਤਰਤਾ ਵਿੱਚ, ਪੂਰਵਲੇ ਸਾਲ ਦੌਰਾਨ ਯੂਨੀਵਰਸਿਟੀ ਦੇ ਕੰਮਕਾਜ ਦੀ ਰਿਪੋਟ, ਆਮਦਨ ਅਤੇ ਖਰਚ ਦੇ ਵਿਵਰਣ, ਸੰਤੁਲਨ ਪੱਤਰ ਅਤੇ ਵਿੱਤੀ ਅਨੁਮਾਨਾਂ ਦੇ ਨਾਲ ਪੇਸ਼ ਕੀਤੇ ਜਾਣਗੇ।

(9) ਬੋਰਡ ਦੀ ਵਿਸ਼ੇਸ਼ ਇਕੱਤਰਤਾ ਜਦੋਂ ਅਤੇ ਜਦ ਜ਼ਰੂਰਤ ਹੋਵੇ ਚੇਅਰਮੈਨ ਦੁਆਰਾ ਬੁਲਾਈ ਜਾ ਸਕੇਗੀ।

(10) ਗਵਰਨਰਾਂ ਦੇ ਬੋਰਡ ਦੇ ਮੈਂਬਰ ਯੂਨੀਵਰਸਿਟੀ ਤੋਂ ਅਜਿਹੇ ਭੱਤਿਆਂ, ਜੇ ਕੋਈ ਹੋਣ, ਬੈਠਕ ਫ਼ੀਸ ਦੇ ਹੱਕਦਾਰ ਹੋਣਗੇ ਜਿਵੇਂ ਵਿਨਿਯਮਾਂ ਵਿੱਚ ਉਪਬੰਧਤ ਕੀਤਾ ਜਾਵੇ, ਪਰ ਕੋਈ ਵੀ ਮੈਂਬਰ, ਇਸ ਧਾਰਾ ਦੀ ਉਪ-ਧਾਰਾ (5) ਦੇ ਖੰਡ (ੳ) ਦੇ ਉਪ-ਖੰਡਾਂ (iii) ਅਤੇ (iv) ਅਤੇ ਉਪ-ਖੰਡ (ਅ) ਦੇ ਉਪ-ਖੰਡ (i) ਵਿੱਚ ਹਵਾਲਾ ਦਿੱਤੇ ਵਿਅਕਤੀਆਂ ਤੋਂ ਇਲਾਵਾ, ਕਿਸੇ ਵੀ ਤਨਖਾਹ ਦਾ ਹੱਕਦਾਰ ਨਹੀਂ ਹੋਵੇਗਾ।

(11) ਬੋਰਡ ਦੀ ਕਿਸੇ ਵੀ ਇਕੱਤਰਤਾ ਵਿੱਚ ਚੇਅਰਮੈਨ ਸਮੇਤ ਪੰਜ ਮੈਂਬਰ ਕੋਰਮ ਬਣਾਉਣਗੇ।

(12) ਮੈਂਬਰਾਂ ਵਿਚਕਾਰ ਮੱਤਭੇਦ ਹੋਣ ਦੀ ਸੂਰਤ ਵਿੱਚ, ਬਹੁਮਤ ਦੀ ਰਾਏ ਪ੍ਰਬਲ ਹੋਵੇਗੀ।

(13) ਬੋਰਡ ਦੇ ਹਰੇਕ ਮੈਂਬਰ, ਸਮੇਤ ਚੇਅਰਮੈਨ, ਕੋਲ ਇੱਕ ਵੋਟ ਹੋਵੇਗੀ। ਜੇ ਬੋਰਡ ਦੁਆਰਾ ਨਿਰਧਾਰਤ ਕੀਤੇ ਜਾਣ ਵਾਲੇ ਕਿਸੇ ਵੀ ਪ੍ਰਸ਼ਨ ਤੇ ਵੋਟਾਂ ਬਰਾਬਰ ਹੋਣਗੀਆਂ, ਤਾਂ ਚੇਅਰਮੈਨ ਕੋਲ, ਇਸ ਤੋਂ ਇਲਾਵਾ, ਇੱਕ ਨਿਰਣਾਇਕ ਵੋਟ ਪਾਉਣ ਦਾ ਅਧਿਕਾਰ ਹੋਵੇਗਾ।

(14) ਬੋਰਡ ਦੀ ਹਰੇਕ ਇਕੱਤਰਤਾ ਦੀ ਪ੍ਰਧਾਨਗੀ ਚੇਅਰਮੈਨ ਕਰੇਗਾ ਅਤੇ, ਉਸ ਦੀ ਗੈਰਹਾਜ਼ਰੀ ਵਿੱਚ, ਵਾਈਸ-ਚੇਅਰਮੈਨ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(15) ਕੋਈ ਵੀ ਮਤਾ, ਬੋਰਡ ਦੀ ਇਕੱਤਰਤਾ ਦੇ ਸਾਹਮਣੇ ਰੱਖੇ ਗਏ ਮਤੇ ਨੂੰ ਛੱਡ ਕੇ, ਇਸ ਦੇ ਸਾਰੇ ਮੈਂਬਰਾਂ ਵਿਚਕਾਰ ਸਰਕੂਲੇਸ਼ਨ ਦੁਆਰਾ ਅਪਣਾਇਆ ਜਾ ਸਕੇਗਾ। ਇਸ ਤਰ੍ਹਾਂ ਸਰਕੂਲੇਟ ਕੀਤੇ ਅਤੇ ਬਹੁ-ਗਿਣਤੀ ਮੈਂਬਰਾਂ ਦੁਆਰਾ ਅਪਣਾਇਆ ਗਿਆ ਕੋਈ ਵੀ ਮਤਾ, ਜਿਨ੍ਹਾਂ ਨੇ ਅਜਿਹੇ ਮਤੇ ਨੂੰ ਆਪਣੀ ਪ੍ਰਵਾਨਗੀ ਜਾਂ ਅਪ੍ਰਵਾਨਗੀ ਦਿੱਤੀ ਹੈ, ਓਨਾ ਹੀ ਪ੍ਰਭਾਵਸ਼ਾਲੀ ਅਤੇ ਬੰਧਨਕਾਰੀ ਹੋਵੇਗਾ ਜਿਵੇਂ ਅਜਿਹਾ ਮਤਾ ਬੋਰਡ ਦੀ ਇਕੱਤਰਤਾ ਵਿੱਚ ਅਪਣਾਇਆ ਗਿਆ ਹੋਵੇ:

ਪਰੰਤੂ ਅਜਿਹੇ ਸਰਕੂਲੇਸ਼ਨ ਦੁਆਰਾ ਕਿਸੇ ਵੀ ਫ਼ੈਸਲੇ ਲਈ ਬੋਰਡ ਦੇ ਘੱਟੋ-ਘੱਟ ਚਾਰ ਮੈਂਬਰਾਂ ਨੂੰ ਲਿਖਤੀ ਰੂਪ ਵਿੱਚ ਮਤੇ ਦਾ ਸਮਰਥਨ ਕਰਨਾ ਚਾਹੀਦਾ ਹੈ।

ਰਾਜ ਸਰਕਾਰ ਦੀਆਂ ਸ਼ਕਤੀਆਂ।

14-ੳ. (1) ਰਾਜ ਸਰਕਾਰ ਕੋਲ ਨੀਤੀ ਦੇ ਕਿਸੇ ਵੀ ਮਾਮਲੇ ਬਾਬਤ ਜਾਂ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਵਿਨਿਯਮਾਂ ਦੀ ਉਲੰਘਣਾ ਵਿੱਚ ਯੂਨੀਵਰਸਿਟੀ ਦੁਆਰਾ ਕੀਤੇ ਗਏ ਕਿਸੇ ਕੰਮ ਦੇ ਬਾਰੇ ਵਿੱਚ ਯੂਨੀਵਰਸਿਟੀ ਨੂੰ ਹਵਾਲਾ ਕਰਨ ਦੀਆਂ ਸ਼ਕਤੀਆਂ ਹੋਣਗੀਆਂ।

(2) ਯੂਨੀਵਰਸਿਟੀ ਰਾਜ ਸਰਕਾਰ ਨੂੰ ਉਸ ਕਾਰਵਾਈ ਬਾਰੇ ਰਿਪੋਟ ਕਰੇਗੀ, ਜੇਕਰ ਕੋਈ ਹੋਵੇ, ਜੋ ਉਹ ਉਪ-ਧਾਰਾ (1) ਅਧੀਨ ਕੀਤੇ ਹਵਾਲੇ 'ਤੇ ਕਰਨ ਦੀ ਤਜਵੀਜ਼ ਕਰਦੀ ਹੈ ਜਾਂ ਕੀਤੀ ਹੈ ਅਤੇ ਜੇਕਰ ਉਹ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਰਾਜ ਸਰਕਾਰ ਨੂੰ ਸਪੱਸ਼ਟੀਕਰਨ ਪੇਸ਼ ਕਰੇਗੀ।

(3) ਜੇ, ਯੂਨੀਵਰਸਿਟੀ ਰਾਜ ਸਰਕਾਰ ਦੀ ਸੰਤੁਸ਼ਟੀ ਅਨੁਸਾਰ ਅਜਿਹੇ ਹਵਾਲੇ 'ਤੇ ਵਾਜਬ ਸਮੇਂ ਦੇ ਅੰਦਰ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਇਹ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਸਪੱਸ਼ਟੀਕਰਨ ਤੇ ਵਿਚਾਰ ਕਰਨ ਪਿੱਛੋਂ, ਇਸ ਐਕਟ ਦੇ ਸੰਗਤ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜਿਵੇਂ ਰਾਜ ਸਰਕਾਰ ਜ਼ਰੂਰੀ ਸਮਝੇ ਅਤੇ ਯੂਨੀਵਰਸਿਟੀ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

(4) ਰਾਜ ਸਰਕਾਰ, ਕਿਸੇ ਵੀ ਸਮੇਂ, ਯੂਨੀਵਰਸਿਟੀ ਦੇ ਉਚਿਤ ਅਤੇ ਪ੍ਰਭਾਵੀ ਕਾਰਜਕਾਰਤਾ ਬਾਰੇ ਅਤੇ ਯੂਨੀਵਰਸਿਟੀ ਦੇ ਪ੍ਰਸ਼ਾਸਨ ਅਤੇ ਵਿੱਤ ਨਾਲ ਤੱਲਕ ਰੱਖਦੇ ਕਿਸੇ ਵੀ ਮਾਮਲੇ ਬਾਰੇ ਸੰਤੁਸ਼ਟ ਹੋਣ ਲਈ, ਕਿਸੇ ਅਜਿਹੀ ਅਥਾਰਟੀ ਜਾਂ ਵਿਅਕਤੀ ਦੁਆਰਾ ਯੂਨੀਵਰਸਿਟੀ ਦੇ ਕਾਰ-ਵਿਹਾਰਾਂ ਵਿੱਚ ਨਿਰੀਖਣ ਜਾਂ ਜਾਂਚ ਲਈ ਵਿਵਸਥਾ ਕਰ ਸਕੇਗੀ ਜਿਵੇਂ ਇਹ ਉਲਿਖਤ ਕਰੇ।

(5) ਯੂਨੀਵਰਸਿਟੀ ਉਪ-ਧਾਰਾ (4) ਵਿੱਚ ਹਵਾਲਾ ਦਿੱਤੇ ਨਿਰੀਖਣ ਜਾਂ ਜਾਂਚ ਵਿੱਚ ਆਪਣੀ ਪ੍ਰਤੀਨਿਧਤਾ ਕਰਨ ਲਈ ਕਿਸੇ ਵਿਅਕਤੀ ਨੂੰ ਅਧਿਕਾਰਤ ਕਰ ਸਕੇਗੀ।

(6) ਉਪ-ਧਾਰਾ (4) ਵਿੱਚ ਹਵਾਲਾ ਦਿੱਤੇ ਨਿਰੀਖਣ ਜਾਂ ਜਾਂਚ ਦੀ ਰਿਪੋਟ ਪ੍ਰਾਪਤ ਹੋਣ ਤੇ, ਰਾਜ ਸਰਕਾਰ ਇਸ ਦੀ ਪੜਤਾਲ ਕਰ ਸਕੇਗੀ ਅਤੇ ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਦੇ ਸਕੇਗੀ, ਜਿਵੇਂ ਇਹ ਜ਼ਰੂਰੀ ਸਮਝੇ।

(7) ਉਪ-ਧਾਰਾ (6) ਅਧੀਨ ਦਿੱਤੇ ਗਏ ਨਿਰਦੇਸ਼ਾਂ ਦੀ ਪ੍ਰਾਪਤੀ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ, ਵਾਈਸ-ਚਾਂਸਲਰ, ਉਕਤ ਨਿਰਦੇਸ਼ਾਂ ਦੇ ਅਨੁਸਰਣ ਵਿੱਚ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਬਾਰੇ ਰਾਜ ਸਰਕਾਰ ਨੂੰ ਇਤਲਾਹ ਦੇਵੇਗਾ।

(8) ਉਪ-ਧਾਰਾ (7) ਵਿੱਚ ਉਲਿਖਤ ਕੀਤੀ ਮੁੱਦਤ ਦੇ ਗੁਜ਼ਰਨ ਤੇ, ਰਾਜ ਸਰਕਾਰ, ਵਾਈਸ-ਚਾਂਸਲਰ ਤੋਂ ਪ੍ਰਾਪਤ ਇਤਲਾਹ, ਜੇ ਕੋਈ ਹੋਵੇ, ਤੇ ਵਿਚਾਰ ਕਰਨ ਪਿੱਛੋਂ, ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜਿਵੇਂ ਉਹ ਜ਼ਰੂਰੀ ਸਮਝੇ ਅਤੇ ਯੂਨੀਵਰਸਿਟੀ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

ਅਕਾਦਮਿਕ ਕੌਂਸਲ। 15. (1) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਅਕਾਦਮਿਕ ਬੌਡੀ ਹੋਵੇਗੀ ਅਤੇ ਇਸ ਐਕਟ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ ਇਸ ਦਾ ਕੰਟਰੋਲ ਅਤੇ ਆਮ ਵਿਨਿਯਮਨ ਹੋਵੇਗਾ ਅਤੇ ਯੂਨੀਵਰਸਿਟੀ ਦੇ ਅੰਦਰ ਸਿੱਖਿਆ-ਦੀਖਿਆ, ਸਿੱਖਿਆ ਅਤੇ ਪ੍ਰੀਖਿਆ ਦੇ ਮਿਆਰਾਂ ਨੂੰ ਬਣਾਈ ਰੱਖਣ ਲਈ ਜ਼ਿੰਮੇਵਾਰ ਹੋਵੇਗੀ ਅਤੇ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਅਜਿਹੇ ਹੋਰ ਕਰਤੱਵ ਨਿਭਾਏਗੀ, ਜੋ ਵਿਨਿਯਮਾਂ ਦੁਆਰਾ ਇਸ ਨੂੰ ਪ੍ਰਦਾਨ ਕੀਤੇ ਜਾਂ ਅਰੋਪੇ ਜਾਣ। ਇਸ ਨੂੰ ਸਾਰੇ ਅਕਾਦਮਿਕ ਮਾਮਲਿਆਂ ਤੇ ਗਵਰਨਰਾਂ ਦੇ ਬੋਰਡ ਨੂੰ ਸਲਾਹ ਦੇਣ ਦਾ ਅਧਿਕਾਰ ਹੋਵੇਗਾ।

(2) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (1) | ਵਾਈਸ-ਚਾਂਸਲਰ; | ਚੇਅਰਮੈਨ |
| (2) | * * * * | |
| (3) | ਫੈਕਲਟੀਆਂ ਦੇ ਡੀਨ; | ਮੈਂਬਰ |
| (4) | ਯੂਨੀਵਰਸਿਟੀ ਦੇ ਵਿਭਾਗਾਂ/ਸਕੂਲਾਂ ਦੇ ਮੁੱਖੀ; | ਮੈਂਬਰ |
| (5) | ਯੂਨੀਵਰਸਿਟੀ ਦੇ ਹਰੇਕ ਵਿਭਾਗ/ਕੇਂਦਰ/ਸਕੂਲ ਤੋਂ, ਵਿਭਾਗ/ਕੇਂਦਰ/ਸਕੂਲ ਦੇ ਮੁੱਖੀਆਂ ਤੋਂ ਬਿਨ੍ਹਾਂ, ਵਾਰੀ ਨਾਲ ਇੱਕ ਪ੍ਰੋਫ਼ੈਸਰ; | ਮੈਂਬਰ |

(6) ਯੂਨੀਵਰਸਿਟੀ ਨਾਲ ਸੰਬੱਧਤ ਕਾਲਜਾਂ ਦੇ ਵੀਹ ਪ੍ਰਿੰਸੀਪਲ ਵਾਰੀ ਨਾਲ: ਮੈਂਬਰ

ਪਰੰਤੂ ਕਿਸੇ ਪ੍ਰਿੰਸੀਪਲ ਨੂੰ ਮੁੜ-ਨਾਮਜ਼ਦ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਸਾਰੇ ਪ੍ਰਿੰਸੀਪਲਾਂ ਨੂੰ ਘੱਟੋ-ਘੱਟ ਇੱਕ ਵਾਰ ਨਾਮਜ਼ਦ ਨ ਕੀਤਾ ਗਿਆ ਹੋਵੇ;

(7) ਗਵਰਨਰਾਂ ਦੇ ਬੋਰਡ ਦੁਆਰਾ ਨਾਮਜ਼ਦ ਦੋ ਉੱਘੇ ਉਦਯੋਗਪਤੀ; ਮੈਂਬਰ

(8) ਗਵਰਨਰਾਂ ਦੇ ਬੋਰਡ ਦੁਆਰਾ ਨਾਮਜ਼ਦ ਦੋ ਉੱਘੇ ਟੈਕਨਾਲੋਜਿਸਟ।

ਲੜੀ ਨੰ: 5, 6, 7 ਅਤੇ 8 'ਤੇ ਮੈਂਬਰਾਂ ਦੀਆਂ ਨਾਮਜ਼ਦਗੀਆਂ ਦੋ ਸਾਲਾਂ ਦੀ ਮੁੱਦਤ ਲਈ ਹੋਣਗੀਆਂ।

16. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:- ਵਿੱਤ ਕਮੇਟੀ।

(i) ਵਾਈਸ-ਚਾਂਸਲਰ ਚੇਅਰਮੈਨ ਵਜੋਂ;

(ii) ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ;

(iii) ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ; ਅਤੇ

(iv) ਗਵਰਨਰਾਂ ਦੇ ਬੋਰਡ ਦੇ ਚੇਅਰਮੈਨ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਗਵਰਨਰਾਂ ਦੇ ਬੋਰਡ ਦੇ ਦੋ ਮੈਂਬਰ।

(2) ਵਿੱਤ ਕਮੇਟੀ ਗਵਰਨਰਾਂ ਦੇ ਬੋਰਡ ਨੂੰ ਸਾਰੇ ਵਿੱਤੀ ਮਾਮਲਿਆਂ ਤੇ ਸਲਾਹ ਦੇਵੇਗੀ।

17. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਗਵਰਨਰਾਂ ਦੇ ਬੋਰਡ ਅਤੇ ਅਕਾਦਮਿਕ ਕੌਂਸਲ ਤੋਂ ਬਿਨਾਂ ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਗਠਨ, ਸ਼ਕਤੀਆਂ ਅਤੇ ਕਰਤੱਵ ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣਗੇ। ਯੂਨੀਵਰਸਿਟੀ ਦੀਆਂ ਅਥਾਰਟੀਆਂ।

18. (1) ਯੂਨੀਵਰਸਿਟੀ ਦੇ ਪਹਿਲੇ ਵਿਨਿਯਮ ਰਾਜ ਸਰਕਾਰ ਦੁਆਰਾ ਬਣਾਏ ਜਾਣਗੇ ਅਤੇ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਕੀਤੇ ਜਾਣਗੇ। ਵਿਨਿਯਮਾਂ ਦਾ ਬਣਾਉਣਾ, ਸੋਧ, ਨਿਰਸਨ ਅਤੇ ਅਮਲ।

(2) ਗਵਰਨਰਾਂ ਦਾ ਬੋਰਡ, ਸਮੇਂ ਸਮੇਂ 'ਤੇ ਨਵੇਂ ਜਾਂ ਵਾਧੂ ਵਿਨਿਯਮ ਬਣਾ ਸਕੇਗਾ ਜਾਂ ਵਿਨਿਯਮਾਂ ਨੂੰ ਸੋਧ ਜਾਂ ਨਿਰਸਤ ਕਰ ਸਕੇਗਾ:

ਪਰੰਤੂ ਗਵਰਨਰਾਂ ਦਾ ਬੋਰਡ ਯੂਨੀਵਰਸਿਟੀ ਦੀ ਕਿਸੇ ਮੌਜੂਦਾ ਅਥਾਰਟੀ ਦੀ ਪ੍ਰਤਿਸ਼ਠਾ, ਸ਼ਕਤੀਆਂ ਜਾਂ ਗਠਨ ਨੂੰ ਪ੍ਰਭਾਵਤ ਕਰਨ ਵਾਲੇ ਵਿਨਿਯਮਾਂ ਦੀ ਸੋਧ ਦਾ ਖਰੜਾ ਤਜਵੀਜ਼ ਨਹੀਂ ਕਰੇਗਾ, ਜਦੋਂ ਤੱਕ ਅਜਿਹੀ ਅਥਾਰਟੀ ਨੂੰ ਤਜਵੀਜ਼ 'ਤੇ

ਰਾਏ ਪ੍ਰਗਟ ਕਰਨ ਦਾ ਮੌਕਾ ਨਹੀਂ ਦੇ ਦਿੱਤਾ ਜਾਂਦਾ ਅਤੇ ਇਸ ਤਰ੍ਹਾਂ ਪ੍ਰਗਟਾਈ ਗਈ ਕੋਈ ਰਾਏ ਲਿਖਤੀ ਰੂਪ ਵਿੱਚ ਹੋਵੇਗੀ ਅਤੇ ਗਵਰਨਰਾਂ ਦੇ ਬੋਰਡ ਦੁਆਰਾ ਵਿਚਾਰੀ ਜਾਵੇਗੀ।

(2) ਹਰੇਕ ਨਵੇਂ ਵਿਨਿਯਮ ਜਾਂ ਵਿਨਿਯਮਾਂ ਦਾ ਕੋਈ ਵਾਧਾ ਜਾਂ ਕਿਸੇ ਵਿਨਿਯਮ ਦੀ ਸੋਧ ਜਾਂ ਨਿਰਸਨ ਲਈ ਗਵਰਨਰਾਂ ਦੇ ਬੋਰਡ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ, ਜੋ ਇਸ ਨੂੰ ਪ੍ਰਵਾਨਗੀ ਦੇ ਸਕਦਾ ਹੈ, ਨਾਮਨਜ਼ੂਰ ਕਰ ਸਕਦਾ ਹੈ ਜਾਂ ਇਸ ਨੂੰ ਹੋਰ ਵਿਚਾਰਨ ਲਈ ਭੇਜ ਸਕਦਾ ਹੈ।

ਵਿਨਿਯਮ। 19. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਵਿਨਿਯਮ ਹੇਠ-ਲਿਖੇ ਸਾਰਿਆਂ ਜਾਂ ਕਿਸੇ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਅਕਾਦਮਿਕ ਕੌਂਸਲ ਅਤੇ ਅਜਿਹੀਆਂ ਹੋਰ ਅਥਾਰਟੀਆਂ ਦੇ ਗਠਨ, ਸ਼ਕਤੀਆਂ ਅਤੇ ਕਰਤੱਵ, ਜੋ ਸਮੇਂ ਸਮੇਂ ਤੇ ਗਠਤ ਕਰਨ ਲਈ ਜ਼ਰੂਰੀ ਸਮਝੇ ਜਾਣ;

(ਅ) ਯੂਨੀਵਰਸਿਟੀ ਦੇ ਅਧਿਕਾਰੀਆਂ ਦੀਆਂ ਨਿਯੁਕਤੀਆਂ, ਸ਼ਕਤੀਆਂ ਅਤੇ ਕਰਤੱਵ;

(ੲ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੇ ਫ਼ਾਇਦੇ ਲਈ ਪੈਨਸ਼ਨ ਜਾਂ ਪ੍ਰਾਵੀਡੈਂਟ ਫ਼ੰਡ ਦਾ ਗਠਨ ਅਤੇ ਬੀਮਾ ਸਕੀਮ ਦੀ ਸਥਾਪਨਾ;

(ਸ) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(ਹ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਨੂੰ ਵਾਪਸ ਲੈਣਾ;

(ਕ) ਫੈਕਲਟੀਆਂ, ਵਿਭਾਗਾਂ, ਵੱਡੇ ਕਮਰਿਆਂ, ਹੋਸਟਲਾਂ, ਕਾਲਜਾਂ, ਕੇਂਦਰਾਂ ਅਤੇ ਸਕੂਲਾਂ ਦੀ ਸਥਾਪਨਾ ਅਤੇ ਗਠਨ;

(ਖ) ਉਹ ਸ਼ਰਤਾਂ ਜਿਨ੍ਹਾਂ ਅਧੀਨ ਕਾਲਜਾਂ, ਸਕੂਲਾਂ ਅਤੇ ਕੇਂਦਰਾਂ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਵਾਏ ਜਾ ਸਕਣਗੇ ਅਤੇ ਅਜਿਹੇ ਵਿਸ਼ੇਸ਼ ਅਧਿਕਾਰਾਂ ਨੂੰ ਵਾਪਸ ਲੈਣਾ;

(ਗ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਅਤੇ ਉਨ੍ਹਾਂ ਦੇ ਅਜਿਹੇ ਤੌਰ ਤੇ ਨਾਂ ਦਰਜ ਕਰਨਾ;

(ਘ) ਯੂਨੀਵਰਸਿਟੀ ਦੀਆਂ ਸਾਰੀਆਂ ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਦੇ ਕੋਰਸ;

(ਙ) ਯੂਨੀਵਰਸਿਟੀ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ, ਉਨ੍ਹਾਂ ਲਈ ਕਾਬਲੀਅਤਾਂ ਅਤੇ ਉਨ੍ਹਾਂ ਨੂੰ ਦੇਣ ਅਤੇ ਪ੍ਰਾਪਤ ਕਰਨ ਸੰਬੰਧੀ ਲਈਆਂ ਜਾਣ ਵਾਲੀਆਂ ਰਕਮਾਂ;

(ਚ) ਯੂਨੀਵਰਸਿਟੀ ਵਿੱਚ ਅਧਿਐਨ ਦੇ ਕੋਰਸਾਂ ਲਈ ਅਤੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਦਾਖਲੇ, ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਲਈਆਂ ਜਾਣ ਵਾਲੀਆਂ ਫ਼ੀਸਾਂ;

(ਛ) ਫੈਲੋਸ਼ਿਪਾਂ, ਵਜ਼ੀਫ਼ੇ, ਵਿਦਿਆਰਥੀ ਵਜ਼ੀਫ਼ੇ, ਵਜੀਫ਼ੇ, ਮੈਡਲ ਅਤੇ ਇਨਾਮ ਦੇਣ ਲਈ ਸ਼ਰਤਾਂ;

(ਜ) ਪ੍ਰੀਖਿਆਵਾਂ ਦਾ ਸੰਚਾਲਨ, ਜਿਸ ਵਿੱਚ ਪ੍ਰੀਖਿਆ ਲੈਣ ਵਾਲੀਆਂ ਬੌਡੀਆਂ, ਪ੍ਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੀ ਅਉਧ, ਨਿਯੁਕਤੀ ਦਾ ਤਰੀਕਾ ਅਤੇ ਕਰਤੱਵ ਸ਼ਾਮਲ ਹਨ;

(ਝ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਬਣਾਈ ਰੱਖਣਾ;

(ਞ) ਯੂਨੀਵਰਸਿਟੀ ਵਿੱਚ ਰਿਹਾਇਸ਼ ਦੀਆਂ ਸ਼ਰਤਾਂ;

(ਟ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਉਪਲੱਭਤਾਵਾਂ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(ਠ) ਯੂਨੀਵਰਸਿਟੀ ਦੁਆਰਾ ਸਥਾਪਤ ਜਾਂ ਕਾਇਮ ਕੀਤੇ ਗਏ ਕਾਲਜਾਂ, ਸਕੂਲਾਂ ਅਤੇ ਕੇਂਦਰਾਂ ਦਾ ਪ੍ਰਬੰਧ;

(ਡ) ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਾਲਜਾਂ, ਸਕੂਲਾਂ ਅਤੇ ਕੇਂਦਰਾਂ ਦੀ ਨਿਗਰਾਨੀ ਅਤੇ ਨਿਰੀਖਣ; ਅਤੇ

(ਢ) ਹੋਰ ਸਾਰੇ ਮਾਮਲੇ, ਜੋ ਇਸ ਐਕਟ ਦੁਆਰਾ ਜਾਂ ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣ।

20. (1) ਯੂਨੀਵਰਸਿਟੀ ਦੀਆਂ ਅਥਾਰਟੀਆਂ ਐਕਟ ਅਤੇ ਵਿਨਿਯਮਾਂ ਦੇ ਸੰਗਤ ਹੇਠ-ਲਿਖੇ ਉਪ-ਵਿਨਿਯਮ ਬਣਾ ਸਕਣਗੀਆਂ:- ਉਪ-ਵਿਨਿਯਮ।

(ੳ) ਉਨ੍ਹਾਂ ਦੀਆਂ ਇਕੱਤਰਤਾਵਾਂ ਵਿੱਚ ਅਪਣਾਇਆ ਜਾਣ ਵਾਲਾ ਜ਼ਾਬਤਾ ਅਤੇ ਕੋਰਮ ਬਣਾਉਣ ਲਈ ਲੋੜੀਂਦੇ ਮੈਂਬਰਾਂ ਦੀ ਗਿਣਤੀ ਨਿਯਤ ਕਰਨਾ;

(ਅ) ਉਨ੍ਹਾਂ ਸਾਰੇ ਮਾਮਲਿਆਂ ਲਈ ਉਪਬੰਧ ਕਰਨਾ ਜੋ ਇਸ ਐਕਟ ਅਤੇ ਵਿਨਿਯਮਾਂ ਦੁਆਰਾ ਉਲਿਖਤ ਕੀਤੇ ਜਾਣੇ ਹਨ।

(2) ਯੂਨੀਵਰਸਿਟੀ ਦੀ ਹਰੇਕ ਅਥਾਰਟੀ ਅਜਿਹੇ ਅਥਾਰਟੀ ਦੇ ਮੈਂਬਰਾਂ ਨੂੰ ਇਕੱਤਰਤਾਵਾਂ ਦੀਆਂ ਤਰੀਕਾਂ ਅਤੇ ਇਕੱਤਰਤਾਵਾਂ ਵਿੱਚ ਵਿਚਾਰੇ ਜਾਣ ਵਾਲੇ ਕੰਮ-ਕਾਰ ਦਾ ਨੋਟਿਸ ਦੇਣ ਅਤੇ ਇਕੱਤਰਤਾਵਾਂ ਦੀਆਂ ਕਾਰਵਾਈ ਰਿਪੋਟਾਂ ਦਾ ਰਿਕਾਰਡ ਰੱਖਣ ਲਈ ਉਪਬੰਧ ਕੀਤੇ ਜਾਣ ਲਈ ਉਪ-ਵਿਨਿਯਮ ਬਣਾਏਗੀ।

ਰਾਜ ਸਰਕਾਰ ਦੁਆਰਾ ਗ੍ਰਾਂਟ।

21. (1) ਰਾਜ ਸਰਕਾਰ, ਸਮੇਂ ਸਮੇਂ ਤੇ, ਯੂਨੀਵਰਸਿਟੀ ਦੇ ਪੂੰਜੀ, ਆਵਰਤਕ ਜਾਂ ਹੋਰ ਖਰਚ ਨੂੰ ਪੂਰਾ ਕਰਨ ਲਈ ਗ੍ਰਾਂਟਾਂ ਦੇ ਤੌਰ ਤੇ ਅਜਿਹੀਆਂ ਰਕਮਾਂ ਦਾ ਉਪਬੰਧ ਕਰ ਸਕੇਗੀ, ਜਿਵੇਂ ਉਹ ਉਚਿਤ ਸਮਝੇ।

(2) ਪੂਰਵਗਾਮੀ ਉਪਬੰਧ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ ਯੂਨੀਵਰਸਿਟੀ ਨੂੰ ਇਸ ਦੇ ਆਵਰਤਕ ਖ਼ਰਚ ਨੂੰ ਪੂਰਾ ਕਰਨ ਲਈ ਘੱਟੋ-ਘੱਟ ਦੋ ਕਰੋੜ ਰੁਪਏ ਦੀ ਸਲਾਨਾ ਗ੍ਰਾਂਟ ਮੁਹੱਈਆ ਕਰਵਾਏਗੀ:

ਪਰੰਤੂ ਜੇ ਕਿਸੇ ਵਿੱਤੀ ਸਾਲ ਦੌਰਾਨ ਉਪਰੋਕਤ ਗ੍ਰਾਂਟ ਦੀ ਸਾਰੀ ਰਕਮ ਆਵਰਤਕ ਖ਼ਰਚ ਨੂੰ ਪੂਰਾ ਕਰਨ ਲਈ ਨਹੀਂ ਵਰਤੀ ਜਾਂਦੀ, ਤਾਂ ਨ ਵਰਤੀ ਗਈ ਬਕਾਇਆ ਰਕਮ, ਰਾਜ ਸਰਕਾਰ ਦੀ ਪੂਰਵ-ਮਨਜ਼ੂਰੀ ਨਾਲ, ਯੂਨੀਵਰਸਿਟੀ ਦੇ ਪੂੰਜੀਗਤ ਖ਼ਰਚ ਨੂੰ ਪੂਰਾ ਕਰਨ ਲਈ ਵਰਤੀ ਜਾ ਸਕੇਗੀ।

ਸਲਾਨਾ ਰਿਪੋਟ।

22. ਯੂਨੀਵਰਸਿਟੀ ਦੀ ਸਲਾਨਾ ਰਿਪੋਟ ਤਿਆਰ ਕੀਤੀ ਜਾਵੇਗੀ ਅਤੇ ਇਹ ਗਵਰਨਰਾਂ ਦੇ ਬੋਰਡ ਦੀ ਸਲਾਨਾ ਇਕੱਤਰਤਾ ਵਿੱਚ ਪ੍ਰਵਾਨਗੀ ਲਈ ਅਜਿਹੀ ਤਰੀਕ ਜਾਂ ਉਸ ਤੋਂ ਪਹਿਲਾਂ ਪੇਸ਼ ਕੀਤੀ ਜਾਵੇਗੀ, ਜਿਵੇਂ ਵਿਨਿਯਮਾਂ ਦੁਆਰਾ ਮੁਕੱਰਰ ਕੀਤੀ ਜਾਵੇ।

ਸਲਾਨਾ ਲੇਖੇ।

23. ਯੂਨੀਵਰਸਿਟੀ ਦੀ ਆਮਦਨ ਅਤੇ ਖਰਚੇ ਦੇ ਲੇਖੇ ਹਰੇਕ ਸਾਲ ਇੱਕ ਵਾਰ ਰਾਜ ਸਰਕਾਰ ਨੂੰ ਅਜਿਹੀਆਂ ਪ੍ਰੀਖਿਆਵਾਂ ਅਤੇ ਆਡਿਟ ਲਈ ਪੇਸ਼ ਕੀਤੇ ਜਾਣਗੇ, ਜਿਵੇਂ ਰਾਜ ਸਰਕਾਰ ਨਿਰਦੇਸ਼ ਦੇਵੇ। ਆਡਿਟ ਕੀਤੇ ਲੇਖਿਆਂ ਨੂੰ ਪੰਜਾਬ ਸਰਕਾਰ ਦੇ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

ਖਾਲੀ ਥਾਵਾਂ ਕਾਰਨ ਅਥਾਰਟੀਆਂ ਅਤੇ ਬੌਡੀਆਂ ਦੇ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨਾ ਹੋਣਾ।

24. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਇਸ ਐਕਟ ਅਧੀਨ ਕੀਤਾ ਗਿਆ ਕੋਈ ਕਾਰਜ, ਜਾਂ ਕੀਤੀਆਂ ਗਈਆਂ ਕਾਰਵਾਈਆਂ ਕੇਵਲ ਇਸ ਕਾਰਨ ਨਾਜਾਇਜ਼ ਨਹੀਂ ਹੋਣਗੀਆਂ ਕਿ ਕਿਸੇ:-

(ੳ) ਅਥਾਰਟੀ ਜਾਂ ਬੌਡੀ ਦੇ ਗਠਨ ਵਿੱਚ ਖ਼ਾਲੀ ਥਾਂ ਜਾਂ ਤਰੁੱਟੀ ਹੈ;

(ਅ) ਉਸਦੇ ਮੈਂਬਰ ਵਜੋਂ ਕਾਰਜ ਕਰ ਰਹੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਅਤੇ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਅਜਿਹੀ ਤਰੁੱਟੀ ਜਾਂ ਬੇਕਾਇਦਗੀ ਹੈ, ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

ਅਧਿਕਾਰੀਆਂ ਅਤੇ ਬੌਡੀਆਂ ਦੇ ਗਠਨ ਬਾਰੇ ਝਗੜੇ।

25. ਜੇ ਕੋਈ ਸਵਾਲ ਪੈਦਾ ਹੁੰਦਾ ਹੈ ਕਿ ਕੀ ਕਿਸੇ ਵਿਅਕਤੀ ਨੂੰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦਾ ਮੈਂਬਰ ਬਣਨ ਲਈ ਠੀਕ ਤੌਰ ਤੇ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਹੈ ਜਾਂ ਉਹ ਹੱਕਦਾਰ ਹੈ, ਤਾਂ ਮਾਮਲਾ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ 'ਤੇ ਉਸਦਾ ਫ਼ੈਸਲਾ ਅੰਤਮ ਹੋਵੇਗਾ।

ਯੂਨੀਵਰਸਿਟੀ ਦੀਆਂ ਅਥਾਰਟੀਆਂ ਦੀਆਂ ਸ਼ਕਤੀਆਂ ਅਤੇ ਕਰਤੱਵ।

26. ਜੇ ਯੂਨੀਵਰਸਿਟੀ ਦੀ ਸਥਾਪਨਾ ਦੇ ਬਾਰੇ ਵਿੱਚ ਜਾਂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੀ ਪਹਿਲੀ ਇਕੱਤਰਤਾ ਦੇ ਤੱਲਕ ਵਿੱਚ ਜਾਂ ਹੋਰਵੇਂ ਇਸ ਐਕਟ ਦੇ ਉਪਬੰਧਾਂ ਨੂੰ ਪਹਿਲੀ ਵਾਰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ,

ਤਾਂ ਰਾਜ ਸਰਕਾਰ ਯੂਨੀਵਰਸਿਟੀ ਦੀ ਕਿਸੇ ਵੀ ਅਥਾਰਟੀ ਦੇ ਗਠਨ ਤੋਂ ਪਹਿਲਾਂ ਕਿਸੇ ਵੀ ਸਮੇਂ, ਹੁਕਮ ਦੁਆਰਾ ਕੋਈ ਨਿਯੁਕਤੀ ਕਰ ਸਕਦੀ ਹੈ ਜਾਂ ਜਿੱਥੋਂ ਤੱਕ ਹੋ ਸਕੇ ਇਸ ਐਕਟ ਦੇ ਉਪਬੰਧਾਂ ਦੇ ਸੰਗਤ ਕੁਝ ਵੀ ਕਰ ਸਕੇਗੀ, ਜੋ ਕਠਨਾਈ ਨੂੰ ਦੂਰ ਕਰਨ ਦੇ ਪ੍ਰਯੋਜਨ ਲਈ ਇਸ ਨੂੰ ਜ਼ਰੂਰੀ ਜਾਂ ਕਾਲਉਚਿਤ ਜਾਪਦਾ ਹੋਵੇ ਅਤੇ ਅਜਿਹਾ ਹਰੇਕ ਹੁਕਮ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਅਜਿਹੀ ਨਿਯੁਕਤੀ ਜਾਂ ਕਾਰਵਾਈ ਇਸ ਐਕਟ ਵਿੱਚ ਉਪਬੰਧਤ ਕੀਤੇ ਗਏ ਤਰੀਕੇ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਹੈ।

ਨਿਰਸਨ ਅਤੇ ਬਚਾਉ।

27. (1) ਪੰਜਾਬ ਟੈਕਨੀਕਲ ਯੂਨੀਵਰਸਿਟੀ ਆਰਡੀਨੈਂਸ, 1996 (1996 ਦਾ ਪੰਜਾਬ ਆਰਡੀਨੈਂਸ ਨੰ: 5), ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਵੀ ਚੀਜ਼ ਜਾਂ ਕੋਈ ਵੀ ਕਾਰਵਾਈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਗਈ ਸਮਝੀ ਜਾਵੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ।

*3696/4-2026/Pb. Govt. Press, S.A.S. Nagar*

ਭਾਗ-1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 20 ਅਪ੍ਰੈਲ, 2026

ਨੰ:33/ਭ.ਕ./2026.-ਪੰਜਾਬ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ (ਦਾਖ਼ਲੇ ਦੇ ਵਿਨਿਯਮ, ਫ਼ੀਸ ਦਾ ਨਿਯਤ ਕਰਨਾ ਅਤੇ ਰਾਖਵਾਂਕਰਨ ਕਰਨਾ) ਐਕਟ, 2006 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 20th April, 2026

**No.33/L.C./2026.-** The Translation in Punjabi of the Punjab Private Health Sciences Educational Institutions (Regulation of Admission, Fixation of Fee and Making of Reservation) Act, 2006 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

# ਪੰਜਾਬ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ (ਦਾਖ਼ਲੇ ਦੇ ਵਿਨਿਯਮ, ਫ਼ੀਸ ਦਾ ਨਿਯਤ ਕਰਨਾ ਅਤੇ ਰਾਖਵਾਂਕਰਨ ਕਰਨਾ) ਐਕਟ, 2006

(2006 ਦਾ ਪੰਜਾਬ ਐਕਟ ਨੰ: 6)

ਪੰਜਾਬ ਰਾਜ ਵਿੱਚ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ ਵਿੱਚ ਦਾਖ਼ਲੇ ਦੇ ਵਿਨਿਯਮ, ਫ਼ੀਸ ਨਿਯਤ ਕਰਨ ਅਤੇ ਰਾਖਵਾਂਕਰਨ ਕਰਨ ਲਈ ਅਤੇ ਇਸ ਨਾਲ ਸਬੰਧਤ ਜਾਂ ਇਸ ਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸਤਵੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ (ਦਾਖ਼ਲੇ ਦੇ ਵਿਨਿਯਮ, ਫ਼ੀਸ ਦਾ ਨਿਯਤ ਕਰਨਾ ਅਤੇ ਰਾਖਵਾਂਕਰਨ ਕਰਨਾ) ਐਕਟ, 2006 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਸਹਾਇਤਾ ਪ੍ਰਾਪਤ ਸੰਸਥਾ" ਦਾ ਮਤਲਬ ਹੈ ਇੱਕ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਸਮੇਤ ਘੱਟ ਗਿਣਤੀ ਸੰਸਥਾ, ਜੋ ਕਿ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਜਾਂ ਕਿਸੇ ਸਥਾਨਕ ਬੌਡੀ ਤੋਂ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ ਆਵਰਤਕ ਵਿੱਤੀ ਮੱਦਦ ਜਾਂ ਸਹਾਇਤਾ ਪ੍ਰਾਪਤ ਕਰਦੀ ਹੋਵੇ;

(ਅ) "ਸਾਂਝਾ ਦਾਖ਼ਲਾ ਟੈਸਟ" ਦਾ ਮਤਲਬ ਹੈ ਦਾਖ਼ਲਾ ਟੈਸਟ, ਜੋ ਰਾਜ ਸਰਕਾਰ ਜਾਂ ਇਸ ਦੁਆਰਾ ਅਧਿਕਾਰਤ ਕਿਸੇ ਹੋਰ ਅਥਾਰਟੀ ਦੁਆਰਾ ਕਰਵਾਇਆ ਜਾਂਦਾ ਹੈ;

(ਅਅ) "ਪਰਿਸ਼ਦ" ਦਾ ਮਤਲਬ ਹੈ ਕਿਸੇ ਰਾਜ ਐਕਟ ਜਾਂ ਕੇਂਦਰੀ ਐਕਟ ਅਧੀਨ ਗਠਤ ਕੀਤੀ ਗਈ ਕਿਸੇ ਸਿਹਤ ਵਿਗਿਆਨ ਸਿੱਖਿਆ ਸਬੰਧੀ ਇੱਕ ਪੇਸ਼ੇਵਰ ਪਰਿਸ਼ਦ;

(ੲ) "ਫ਼ੀਸ" ਦਾ ਮਤਲਬ ਹੈ ਉਹ ਖ਼ਰਚ ਜੋ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਦੁਆਰਾ ਵਿਦਿਆਰਥੀ ਤੋਂ ਕਿਸੇ ਤਰੀਕੇ ਨਾਲ ਜਾਂ ਕਿਸੇ ਨਾਮਾਵਲੀ ਅਧੀਨ ਉਸ ਸੰਸਥਾ ਵਿੱਚ ਅਧਿਐਨ ਕਰਨ ਦੀ ਸ਼ਰਤ ਵਜੋਂ ਪ੍ਰਾਪਤ ਕੀਤਾ ਗਿਆ ਹੈ।

ਵਿਆਖਿਆ.- ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਟਿਊਸ਼ਨ ਫ਼ੀਸ ਤੋਂ ਇਲਾਵਾ, "ਫ਼ੀਸ" ਸ਼ਬਦ ਵਿੱਚ ਅਧਿਐਨ ਨਾਲ ਸਬੰਧਤ ਸਾਰੇ ਹੋਰ ਖਰਚੇ ਵੀ ਸ਼ਾਮਲ ਹੋਣਗੇ;

(ਸ) "ਵਿਦੇਸ਼ੀ ਭਾਰਤੀ ਵਿਦਿਆਰਥੀ" ਦਾ ਮਤਲਬ ਹੈ ਉਹ ਵਿਦਿਆਰਥੀ ਜਿਸ ਨੂੰ ਰਾਜ ਸਰਕਾਰ ਦੁਆਰਾ ਅਧਿਸੂਚਨਾ ਦੁਆਰਾ ਅਜਿਹੇ ਤੌਰ ਤੇ ਘੋਸ਼ਿਤ ਕੀਤਾ ਗਿਆ ਹੈ;

(ਸਸ) "ਸਿਹਤ ਵਿਗਿਆਨ" ਦਾ ਮਤਲਬ ਹੈ ਸਿੱਖਿਆ ਜੋ ਬੈਚੁਲਰ ਆਫ਼ ਮੈਡੀਸਨ ਅਤੇ ਬੈਚੁਲਰ ਆਫ਼ ਸਰਜਰੀ (ਐਮਬੀਬੀਐੱਸ), ਬੈਚੁਲਰ ਆਫ਼ ਡੈਂਟਲ ਸਰਜਰੀ (ਬੀਡੀਐੱਸ), ਬੈਚੁਲਰ ਆਫ਼ ਆਯੂਰਵੈਦਿਕ ਮੈਡੀਸਨ ਅਤੇ ਸਰਜਰੀ (ਬੀਏਐੱਮਐੱਸ), ਬੈਚੁਲਰ

ਆਫ਼ ਹੋਮਿਓਪੈਥਿਕ ਮੈਡੀਸਨ ਅਤੇ ਸਰਜਰੀ (ਬੀਐੱਚਐੱਮਐੱਸ) ਅਤੇ/ਜਾਂ ਉਨ੍ਹਾਂ ਦੇ ਪੋਸਟ ਗ੍ਰੈਜੂਏਟ(ਾਂ) ਅਤੇ ਸਿਹਤ ਅਤੇ ਡਾਕਟਰੀ ਸਿੱਖਿਆ ਸਬੰਧੀ ਅਜਿਹੇ ਹੋਰ ਪੱਧਰ ਦੇ ਕੋਰਸ ਪ੍ਰਦਾਨ ਕਰਨ ਲਈ ਦਿੱਤੀ ਜਾਂਦੀ ਹੈ ਜਿਵੇਂ ਰਾਜ ਸਰਕਾਰ ਦੁਆਰਾ ਸਮੇਂ ਸਮੇਂ ਤੇ ਅਧਿਸੂਚਿਤ ਕੀਤਾ ਜਾਵੇ;

(ਹ) "ਪ੍ਰਬੰਧਨ ਸ੍ਰੇਣੀ" ਦਾ ਮਤਲਬ ਹੈ ਇੱਕ ਸ੍ਰੇਣੀ ਜਿਸ ਵਿੱਚ ਇੱਕ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਦੀਆਂ ਮਨਜ਼ੂਰ ਹੋਏ ਦਾਖ਼ਲੇ ਵਿੱਚੋਂ ਅਜਿਹੀਆਂ ਸੀਟਾਂ ਸਮਾਵਿਸ਼ਟ ਹਨ, ਜੋ, ਉਹ ਸੰਸਥਾ ਉਨ੍ਹਾਂ ਸੀਟਾਂ ਨੂੰ ਸਾਂਝਾ ਦਾਖਲਾ ਟੈਸਟ ਕਰਵਾਉਣ ਵਾਲੀ ਅਥਾਰਟੀ ਦੇ ਪ੍ਰਤੀਨਿਧ ਦੀ ਮੌਜੂਦਗੀ ਵਿੱਚ, ਸਾਂਝਾ ਦਾਖਲਾ ਟੈਸਟ ਜਾਂ ਕਾਬਲ ਬਣਾਉਣ ਵਾਲੀ ਪ੍ਰੀਖਿਆ ਦੁਆਰਾ ਨਿਰਧਾਰਤ ਆਪਸ ਵਿਚਲੀ ਮੈਰਿਟ ਦੇ ਆਧਾਰ 'ਤੇ ਇਨਸਾਫ਼-ਪੂਰਨ ਅਤੇ ਪਾਰਦਰਸ਼ੀ ਤਰੀਕੇ ਨਾਲ ਭਰਨ ਲਈ, ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਅਜਿਹੀ ਸੰਸਥਾ ਦੇ ਪ੍ਰਬੰਧਕਾਂ ਨੂੰ ਟਿੱਕਣ ਕੀਤੀਆਂ ਜਾ ਸਕਦੀਆਂ ਹਨ;

(ਕ) "ਘੱਟ ਗਿਣਤੀ" ਦਾ ਮਤਲਬ ਹੈ ਰਾਜ ਸਰਕਾਰ ਦੁਆਰਾ ਅਧਿਸੂਚਨਾ ਦੁਆਰਾ ਅਜਿਹੇ ਤੌਰ 'ਤੇ ਘੋਸ਼ਿਤ ਕੀਤਾ ਫ਼ਿਰਕਾ;

(ਖ) "ਘੱਟ ਗਿਣਤੀ ਸੰਸਥਾ" ਦਾ ਮਤਲਬ ਹੈ ਸਿਹਤ ਵਿਗਿਆਨ ਦੀ ਸਿੱਖਿਆ ਦੇਣ ਵਾਲੀ ਇੱਕ ਸੰਸਥਾ, ਜੋ ਘੱਟ ਗਿਣਤੀ ਦੀ ਭਲਾਈ ਦੇ ਪ੍ਰਯੋਜਨ ਲਈ ਘੱਟ ਗਿਣਤੀ ਦੁਆਰਾ ਸਥਾਪਤ ਅਤੇ ਪ੍ਰਸ਼ਾਸਤ ਕੀਤੀ ਜਾਂਦੀ ਹੈ;

(ਗ) "ਖੁੱਲ੍ਹੀ ਮੈਰਿਟ ਸ੍ਰੇਣੀ" ਦਾ ਮਤਲਬ ਹੈ ਇੱਕ ਸੰਸਥਾ ਦੇ ਮਨਜ਼ੂਰਸ਼ੁਦਾ ਦਾਖਲੇ ਵਿੱਚੋਂ ਅਜਿਹੀਆਂ ਸੀਟਾਂ ਵਿੱਚ ਸ਼ਾਮਲ ਸੀਟਾਂ ਦੀ ਸ੍ਰੇਣੀ, ਪਰ ਪ੍ਰਬੰਧਨ ਸ੍ਰੇਣੀ ਜਾਂ ਘੱਟ ਗਿਣਤੀ ਸ੍ਰੇਣੀ ਦੀਆਂ ਸੀਟਾਂ ਨੂੰ ਛੱਡ ਕੇ, ਉਹਨਾਂ ਸੀਟਾਂ ਨੂੰ ਇੱਕ ਇਨਸਾਫ਼-ਪੂਰਨ ਅਤੇ ਪਾਰਦਰਸ਼ੀ ਤਰੀਕੇ ਨਾਲ ਦਰਖ਼ਾਸਤਾਂ ਦੀ ਕੇਂਦਰਤ ਪ੍ਰਾਪਤੀ ਅਤੇ ਕੇਂਦਰਤ ਕਾਊਂਸਲਿੰਗ ਰਾਹੀਂ ਸਾਂਝਾ ਦਾਖਲਾ ਪ੍ਰੀਖਿਆ ਜਾਂ ਕਾਬਲ ਬਣਾਉਣ ਵਾਲੀ ਪ੍ਰੀਖਿਆ ਦੁਆਰਾ ਨਿਰਧਾਰਤ ਕੀਤੀ ਆਪਸ ਵਿਚਲੀ ਮੈਰਿਟ ਦੇ ਆਧਾਰ 'ਤੇ ਭਰਨ ਲਈ, ਜਿਵੇਂ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਟਿੱਕਣ ਕੀਤਾ ਜਾਵੇ;

(ਘ) "ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ" ਦਾ ਮਤਲਬ ਹੈ ਇੱਕ ਸੰਸਥਾ, ਜੋ ਕੇਂਦਰੀ ਜਾਂ ਰਾਜ ਸਰਕਾਰ ਦੁਆਰਾ ਸਥਾਪਤ ਜਾਂ ਪ੍ਰਸ਼ਾਸਤ ਨ ਕੀਤੀ ਜਾਂਦੀ ਹੋਵੇ ਅਤੇ ਇਸ ਵਿੱਚ ਇੱਕ ਸੰਸਥਾ ਸ਼ਾਮਲ ਹੈ, ਭਾਵੇਂ ਉਸਦਾ ਕੋਈ ਨਾਂ ਲਿਆ ਜਾਂਦਾ ਹੋਵੇ, ਜਿਸ ਵਿੱਚ ਕੋਈ ਯੂਨੀਵਰਸਿਟੀ, ਸਮਝੀ ਜਾਂਦੀ ਯੂਨੀਵਰਸਿਟੀ ਜਾਂ ਕਾਲਜ, ਸ਼ਾਮਲ ਹਨ, ਭਾਵੇਂ ਸਹਾਇਤਾ ਪ੍ਰਾਪਤ ਹੋਵੇ ਜਾਂ ਗੈਰ-ਸਹਾਇਤਾ ਪ੍ਰਾਪਤ, ਗੈਰ ਘੱਟ ਗਿਣਤੀ ਹੋਵੇ ਅਤੇ ਭਾਵੇਂ ਕਿਸੇ ਵਿਅਕਤੀ ਜਾਂ ਵਿਅਕਤੀਆਂ ਜਾਂ ਟਰੱਸਟ ਜਾਂ ਕਿਸੇ ਹੋਰ ਪ੍ਰਾਈਵੇਟ ਹਸਤੀ, ਏਜੰਸੀ ਜਾਂ ਸੰਗਠਨ ਦੁਆਰਾ ਸ਼ਾਸਤ ਜਾਂ ਪ੍ਰਸ਼ਾਸਤ ਜਾਂ ਪ੍ਰਬੰਧਤ ਜਾਂ ਚਲਾਈ ਜਾਂਦੀ ਹੋਵੇ, ਜੋ ਸੰਸਥਾ ਸਿਹਤ ਵਿਗਿਆਨ ਦੇ ਖੇਤਰ ਵਿੱਚ ਕਿਸੇ ਕੋਰਸ ਜਾਂ ਕੋਰਸਾਂ ਵਿੱਚ ਡਿਗਰੀ ਜਾਂ ਡਿਪਲੋਮਾ ਪ੍ਰਦਾਨ ਕਰਨ ਲਈ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਦੀ ਸਰਗਰਮੀ ਦਾ ਸੰਚਾਲਨ ਕਰਦੀ ਹੋਵੇ ਜਾਂ ਚਲਾਉਂਦੀ ਹੋਵੇ;

(ਙ) "ਕਾਬਲ ਬਣਾਉਣ ਵਾਲੀ ਪ੍ਰੀਖਿਆ" ਦਾ ਮਤਲਬ ਹੈ ਇੱਕ ਪ੍ਰੀਖਿਆ, ਜਿਸ ਨੂੰ ਪਾਸ ਕਰਨਾ ਇੱਕ ਵਿਦਿਆਰਥੀ ਨੂੰ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ ਵਿੱਚ ਭਿੰਨ-ਭਿੰਨ ਅਧਿਐਨ ਕੋਰਸਾਂ ਵਿੱਚ ਦਾਖਲਾ ਲੈਣ ਦੇ ਸਮਰੱਥ ਬਣਾਉਂਦੀ ਹੈ;

(ਚ) "ਮਨਜ਼ੂਰਸ਼ੁਦਾ ਦਾਖ਼ਲਾ" ਦਾ ਮਤਲਬ ਹੈ ਇੱਕ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਵਿੱਚ ਅਧਿਐਨ ਦੇ ਹਰੇਕ ਕੋਰਸ ਵਿੱਚ ਵਿਦਿਆਰਥੀਆਂ ਨੂੰ ਦਾਖ਼ਲ ਕਰਨ ਲਈ ਰਾਜ ਸਰਕਾਰ ਦੁਆਰਾ ਮਨਜ਼ੂਰਸ਼ੁਦਾ ਅਤੇ ਸਰਕਾਰੀ ਗਜ਼ਟ ਵਿੱਚ ਅਧਿਸੂਚਤ ਕੀਤੀਆਂ ਗਈਆਂ ਸੀਟਾਂ ਦੀ ਕੁੱਲ ਗਿਣਤੀ;

(ਛ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਡਾਕਟਰੀ ਸਿੱਖਿਆ ਅਤੇ ਖੋਜ ਵਿਭਾਗ; ਅਤੇ

(ਜ) "ਗੈਰ ਸਹਾਇਤਾ ਪ੍ਰਾਪਤ ਸੰਸਥਾ" ਦਾ ਮਤਲਬ ਹੈ ਇੱਕ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ, ਜੋ ਸਹਾਇਤਾ ਪ੍ਰਾਪਤ ਸੰਸਥਾ ਨਹੀਂ ਹੈ।

ਦਾਖ਼ਲੇ ਦਾ ਵਿਨਿਯਮ, ਫ਼ੀਸ ਦਾ ਨਿਯਤ ਕਰਨਾ ਅਤੇ ਰਾਖਵਾਂਕਰਨ ਕਰਨਾ।

3. (1) ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਗਏ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ ਵਿੱਚ ਦਾਖ਼ਲਾ ਵਿਨਿਯਮਤ ਕਰੇਗੀ, ਫ਼ੀਸ ਨਿਯਤ ਕਰੇਗੀ ਅਤੇ ਵੱਖ-ਵੱਖ ਸ਼੍ਰੇਣੀਆਂ ਲਈ ਰਾਖਵਾਂਕਰਨ ਕਰੇਗੀ।

(2) ਫ਼ੀਸ ਨਿਰਧਾਰਤ ਕਰਨ ਦੇ ਪ੍ਰਯੋਜਨ ਲਈ, ਰਾਜ ਸਰਕਾਰ ਕਿਸੇ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਤੋਂ ਅਜਿਹੀ ਜਾਣਕਾਰੀ ਮੁਹੱਈਆ ਕਰਵਾਉਣਾ ਲੋੜ ਸਕੇਗੀ, ਜਿਵੇਂ ਉਹ ਮੁਨਾਸਬ ਸਮਝੇ।

(3) ਰਾਜ ਸਰਕਾਰ ਇਹ ਯਕੀਨੀ ਬਣਾਏਗੀ ਕਿ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਵਿੱਚ ਦਾਖ਼ਲਾ ਸਾਂਝਾ ਦਾਖਲਾ ਟੈਸਟ ਜਾਂ ਕਾਬਲ ਬਣਾਉਣ ਵਾਲੀ ਪ੍ਰੀਖਿਆ, ਜਿਹੀ ਕਿ ਸੂਰਤ ਹੋਵੇ, ਦੁਆਰਾ ਨਿਰਧਾਰਤ ਆਪਸ ਵਿਚਲੀ ਮੈਰਿਟ ਦੇ ਆਧਾਰ ਤੇ, ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਜ਼ਾਬਤੇ ਦੀ ਅਨੁਸਾਰਤਾ ਵਿੱਚ, ਇਨਸਾਫ਼-ਪੂਰਨ ਅਤੇ ਪਾਰਦਰਸ਼ੀ ਤਰੀਕੇ ਨਾਲ ਕੀਤਾ ਜਾਵੇ:

ਪਰੰਤੂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ ਦੁਆਰਾ ਪੇਸ਼ ਕੀਤੇ ਡਿਪਲੋਮੇ ਜਾਂ ਸਰਟੀਫਿਕੇਟ ਕੋਰਸਾਂ ਨੂੰ ਇਸ ਉਪ-ਧਾਰਾ ਦੇ ਉਪਬੰਧਾਂ ਦੇ ਵਿਚਾਰ ਖੇਤਰ ਤੋਂ ਬਾਹਰ ਰੱਖ ਸਕੇਗੀ।

(4) ਉਪ-ਧਾਰਾ (3) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ, ਘੱਟ ਗਿਣਤੀ ਸੰਸਥਾਵਾਂ ਨੂੰ ਉਸ ਉਪ-ਧਾਰਾ ਦੇ ਵਿਚਾਰ ਖੇਤਰ ਤੋਂ ਛੋਟ ਦੇ ਸਕੇਗੀ।

(5) ਉਪ-ਧਾਰਾ (4) ਅਧੀਨ ਦਿੱਤੀ ਗਈ ਛੋਟ ਦੇ ਪਰਿਣਾਮ ਵਜੋਂ, ਸਬੰਧਤ ਘੱਟ ਗਿਣਤੀ ਸੰਸਥਾਵਾਂ ਦੀ ਸਾਂਝੀ ਅਥਾਰਟੀ, ਉਕਤ ਅਥਾਰਟੀ ਦੁਆਰਾ ਨਿਰਧਾਰਤ ਕੀਤੀ ਗਈ ਮੈਰਿਟ ਦੀ ਅਨੁਸਾਰਤਾ ਵਿੱਚ, ਘੱਟ ਗਿਣਤੀ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਲਈ ਇਨਸਾਫ਼-ਪੂਰਨ, ਪਾਰਦਰਸ਼ੀ ਅਤੇ ਗੈਰ-ਸ਼ੋਸ਼ਣਕਾਰੀ ਤਰੀਕੇ ਨਾਲ ਵੱਖਰੇ ਟੈਸਟ ਦਾ ਸੰਚਾਲਣ ਕਰੇਗੀ।

(6) ਇਹ ਪਾਏ ਜਾਣ ਦੀ ਸੂਰਤ ਵਿੱਚ ਕਿ ਉਪਰੋਕਤ ਵੱਖਰਾ ਟੈਸਟ ਇਨਸਾਫ਼-ਪੂਰਨ, ਪਾਰਦਰਸ਼ੀ ਅਤੇ ਗੈਰ-ਸ਼ੋਸ਼ਣਕਾਰੀ ਤਰੀਕੇ ਨਾਲ ਨਹੀਂ ਕਰਵਾਇਆ ਗਿਆ, ਤਾਂ ਰਾਜ ਸਰਕਾਰ ਕੋਲ ਇਸ ਨੂੰ ਮਨਸੂਖ ਕਰਨ ਅਤੇ ਸਬੰਧਤ ਅਥਾਰਟੀ ਨੂੰ ਟੈਸਟ ਦਾ ਦੁਬਾਰਾ ਸੰਚਾਲਣ ਕਰਵਾਉਣ ਲਈ ਨਿਰਦੇਸ਼ ਦੇਣ ਦੀ ਸ਼ਕਤੀ ਹੋਵੇਗੀ।

ਦਾਖ਼ਲੇ ਲਈ ਪਾਤਰਤਾ ਮਾਨ ਦੰਡ।

4. (1) ਇੱਕ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਵਿੱਚ ਦਾਖ਼ਲੇ ਲਈ ਪਾਤਰਤਾ ਮਾਨਦੰਡ ਅਜਿਹੇ ਹੋਣਗੇ, ਜਿਵੇਂ ਰਾਜ ਸਰਕਾਰ ਦੁਆਰਾ ਸਮੇਂ ਸਮੇਂ ਤੇ ਨਿਰਧਾਰਤ ਅਤੇ ਅਧਿਸੂਚਿਤ ਕੀਤਾ ਜਾਵੇ।

(2) ਰਾਜ ਸਰਕਾਰ ਜਾਂ ਇਸ ਦੁਆਰਾ ਅਧਿਕਾਰਤ ਕੋਈ ਹੋਰ ਅਥਾਰਟੀ, ਪੰਜਾਬ ਰਾਜ ਦੇ ਸਾਰੇ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ ਵਿੱਚ ਦਾਖ਼ਲੇ ਲਈ ਸਾਂਝਾ ਦਾਖਲਾ ਟੈਸਟ ਦਾ ਸੰਚਾਲਣ ਕਰਵਾਏਗੀ,

ਸਿਵਾਏ ਉਨ੍ਹਾਂ ਦੇ, ਜਿਨ੍ਹਾਂ ਨੂੰ ਅਜਿਹੇ ਟੈਸਟ ਤੋਂ ਵਿਸ਼ੇਸ਼ ਤੌਰ ਤੇ ਛੋਟ ਦਿੱਤੀ ਗਈ ਹੈ।

(3) ਸਾਰੀਆਂ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ ਵਿੱਚ ਦਾਖ਼ਲਾ, ਸਿਵਾਏ ਉਹਨਾਂ ਦੇ ਜਿਨ੍ਹਾਂ ਨੂੰ ਇਸ ਐਕਟ ਦੇ ਅਧੀਨ ਵਿਸ਼ੇਸ਼ ਤੌਰ ਤੇ ਛੋਟ ਦਿੱਤੀ ਗਈ ਹੈ, ਅਤੇ ਵਿਦੇਸ਼ੀ ਭਾਰਤੀ ਵਿਦਿਆਰਥੀਆਂ ਦੇ ਮਾਮਲੇ ਵਿੱਚ, ਸਾਂਝਾ ਦਾਖਲਾ ਟੈਸਟ ਦੀ ਅਨੁਸਾਰਤਾ ਵਿੱਚ ਨਿਰਧਾਰਤ ਕੀਤੀ ਉਮੀਦਵਾਰਾਂ ਦੀ ਆਪਸ ਵਿਚਲੀ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

ਸੀਟਾਂ ਦਾ ਟਿੱਕਣ।

5. (1) ਸਹਾਇਤਾ ਪ੍ਰਾਪਤ ਘੱਟ ਗਿਣਤੀ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਆਪਣੇ ਲਈ, ਕੁੱਲ ਮਨਜ਼ੂਰਸ਼ੁਦਾ ਦਾਖ਼ਲੇ ਦੀਆਂ ਵੱਧ ਤੋਂ ਵੱਧ ਤੇਤੀ ਪ੍ਰਤੀਸ਼ਤ ਸੀਟਾਂ ਪ੍ਰਬੰਧਨ ਸ਼੍ਰੇਣੀ ਦੇ ਕੋਟੇ ਵਜੋਂ ਰਾਖਵੀਆਂ ਰੱਖ ਸਕੇਗੀ।

(2) ਇੱਕ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ, ਘੱਟ ਗਿਣਤੀ ਸੰਸਥਾ ਤੋਂ ਇਲਾਵਾ, ਕੁੱਲ ਮਨਜ਼ੂਰਸ਼ੁਦਾ ਦਾਖ਼ਲੇ ਦੀਆਂ ਵੱਧ ਤੋਂ ਵੱਧ ਪੰਦਰਾਂ ਪ੍ਰਤੀਸ਼ਤ ਸੀਟਾਂ ਪ੍ਰਬੰਧਨ ਸ਼੍ਰੇਣੀ ਦੇ ਕੋਟੇ ਵਜੋਂ ਰਾਖਵੀਆਂ ਰੱਖ ਸਕੇਗੀ।

(3) * * * *

(4) ਇੱਕ ਗੈਰ-ਸਹਾਇਤਾ ਪ੍ਰਾਪਤ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ, ਘੱਟ ਗਿਣਤੀ ਸੰਸਥਾ ਤੋਂ ਇਲਾਵਾ, ਕੁੱਲ ਮਨਜ਼ੂਰਸ਼ੁਦਾ ਦਾਖ਼ਲੇ ਦੀਆਂ ਪੰਜਾਹ ਪ੍ਰਤੀਸ਼ਤ ਤੱਕ ਸੀਟਾਂ ਪ੍ਰਬੰਧਨ ਸ਼੍ਰੇਣੀ ਦੇ ਕੋਟੇ ਵਜੋਂ ਰਾਖਵੀਆਂ ਰੱਖ ਸਕੇਗੀ।

(5) ਵਿਦੇਸ਼ੀ ਭਾਰਤੀ ਵਿਦਿਆਰਥੀਆਂ ਦੇ ਦਾਖ਼ਲੇ ਦੇ ਮਾਮਲੇ ਵਿੱਚ,-

(ੳ) ਇੱਕ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਅਜਿਹੇ ਵਿਦਿਆਰਥੀਆਂ ਨੂੰ ਅੰਡਰਗ੍ਰੈਜੂਏਟ ਕੋਰਸਾਂ ਵਿੱਚ ਸੀਟਾਂ ਦੀ ਅਜਿਹੀ ਗਿਣਤੀ ਅਤੇ ਅਜਿਹੇ ਕੋਰਸਾਂ 'ਤੇ ਦਾਖ਼ਲ ਕਰ ਸਕੇਗੀ, ਜਿਵੇਂ ਉਸ ਲਈ ਲਿਖਤੀ ਰੂਪ ਵਿੱਚ ਕਾਰਨ ਕਲਮਬੰਦ ਕਰਨ ਪਿੱਛੋਂ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ:

ਪਰੰਤੂ ਵਿਦੇਸ਼ੀ ਭਾਰਤੀ ਵਿਦਿਆਰਥੀਆਂ ਲਈ ਸੀਟਾਂ ਦੀ ਕੁੱਲ ਗਿਣਤੀ ਕੁੱਲ ਮਨਜ਼ੂਰਸ਼ੁਦਾ ਦਾਖ਼ਲੇ ਦੇ ਪੰਦਰਾਂ ਪ੍ਰਤੀਸ਼ਤ ਤੋਂ ਵੱਧ ਨਹੀਂ ਹੋਵੇਗੀ;

(ਅ) ਦਾਖ਼ਲਾ, ਪ੍ਰਬੰਧਨ ਸ਼੍ਰੇਣੀ ਵਜੋਂ ਅਧਿਸੂਚਿਤ, ਸੀਟਾਂ ਤੇ ਕੀਤਾ ਜਾਵੇਗਾ; ਅਤੇ

(ੲ) ਦਾਖ਼ਲਾ ਰਾਜ ਸਰਕਾਰ ਦੁਆਰਾ ਅਧਿਸੂਚਿਤ ਜ਼ਾਬਤੇ ਅਨੁਸਾਰ, ਯੂਨੀਵਰਸਿਟੀ ਦੇ ਪ੍ਰਤੀਨਿਧੀ ਦੀ ਮੌਜੂਦਗੀ ਵਿੱਚ, ਜਿਸ ਨਾਲ ਇਹ ਸੰਬੰਧਤ ਹੋਵੇ, ਇਨਸਾਫ਼-ਪੂਰਨ ਅਤੇ ਪਾਰਦਰਸ਼ੀ ਤਰੀਕੇ ਨਾਲ, ਕਾਬਲ ਬਣਾਉਣ ਵਾਲੀ ਪ੍ਰੀਖਿਆ ਜਾਂ ਇਸ ਦੇ ਬਰਾਬਰ ਦੇ ਆਧਾਰ ਤੇ ਨਿਰਧਾਰਤ ਆਪਸ ਵਿਚਲੀ ਮੈਰਿਟ ਦੀ ਅਨੁਸਾਰਤਾ ਵਿੱਚ ਕੀਤਾ ਜਾਵੇਗਾ, ਜਿਵੇਂ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ।

(6) * * * *

ਸੀਟਾਂ ਦਾ ਰਾਖਵਾਂਕਰਨ।

6. ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਗਏ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਾਰੀਆਂ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ, ਸਮਾਜਿਕ ਅਤੇ ਵਿਦਿਅਕ ਤੌਰ ਤੇ ਪੱਛੜੇ ਵਰਗਾਂ ਦੇ ਨਾਗਰਿਕਾਂ ਲਈ ਜਾਂ ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਕਬੀਲਿਆਂ ਦੀ ਉੱਨਤੀ ਲਈ, ਖੁੱਲ੍ਹੀ ਮੈਰਿਟ ਸ਼੍ਰੇਣੀ ਅਤੇ ਪ੍ਰਬੰਧਨ ਸ਼੍ਰੇਣੀ ਵਿੱਚ ਦਾਖ਼ਲੇ ਲਈ ਉਸ ਹੱਦ ਤੱਕ ਸੀਟਾਂ ਰਾਖਵੀਆਂ ਰੱਖਣਗੀਆਂ, ਜਿਵੇਂ ਰਾਜ ਸਰਕਾਰ ਦੁਆਰਾ ਸਮੇਂ ਸਮੇਂ ਤੇ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਕੀਤਾ ਜਾਵੇ:

ਪਰੰਤੂ ਅਜਿਹਾ ਰਾਖਵਾਂਕਰਨ ਘੱਟ ਗਿਣਤੀ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ ਵਿੱਚ ਘੱਟ ਗਿਣਤੀ ਸ਼੍ਰੇਣੀ ਦੀਆਂ ਸੀਟਾਂ ਤੇ ਲਾਗੂ ਨਹੀਂ ਹੋਵੇਗਾ।

ਫ਼ੀਸ ਨਿਯਤ ਕਰਨਾ।

7. (1) ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਗਏ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ ਸਬੰਧਤ ਪਰਿਸ਼ਦ ਦੁਆਰਾ ਨਿਯਤ ਕੀਤੇ ਆਧਾਰਕ-ਬਣਤਰ ਅਤੇ ਸਹੂਲਤਾਂ ਦੇ ਘੱਟੋ-ਘੱਟ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਦੁਆਰਾ ਭਾਰਿਤ ਕੀਤੀ ਜਾਣ ਵਾਲੀ ਫ਼ੀਸ ਤੈਅ ਕਰੇਗੀ ਜਾਂ ਤੈਅ ਕਰਵਾਉਣਾ ਕਾਰਤ ਕਰਵਾਏਗੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ, ਲੋਕ ਹਿੱਤ ਵਿੱਚ, ਆਰਜ਼ੀ ਫ਼ੀਸ ਤੈਅ ਕਰ ਸਕੇਗੀ:

ਪਰੰਤੂ ਰਾਜ ਸਰਕਾਰ ਅਜਿਹੀ ਆਰਜ਼ੀ ਫ਼ੀਸ ਨਿਯਤ ਕਰਨ ਦੀ ਤਰੀਕ ਤੋਂ ਨੱਬੇ ਦਿਨਾਂ ਦੀ ਮੁੱਦਤ ਅੰਦਰ ਉਪ-ਧਾਰਾ (1) ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਫ਼ੀਸ ਤੈਅ ਕਰੇਗੀ।

8. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਜਾਰੀ ਕੀਤੇ ਕਿਸੇ ਨਿਰਦੇਸ਼ ਜਾਂ ਅਧਿਸੂਚਨਾ ਦੀ ਖ਼ਿਲਾਫ਼ਵਰਜ਼ੀਆਂ ਦੇ ਬਾਬਤ ਸ਼ਿਕਾਇਤਾਂ ਗ੍ਰਹਿਣ ਕਰਨ ਲਈ ਅਜਿਹੇ ਮੈਂਬਰਾਂ ਤੋਂ ਮਿਲ ਕੇ ਬਣੀ ਨੋਡਲ ਏਜੰਸੀ ਵਜੋਂ ਜਾਣੀ ਜਾਂਦੀ ਇੱਕ ਅਥਾਰਟੀ ਦਾ ਗਠਨ ਕਰੇਗੀ ਜਿਵੇਂ ਇਸ ਦੁਆਰਾ ਉਲਿਖਤ ਕੀਤਾ ਜਾਵੇ: ਖ਼ਿਲਾਫ਼ਵਰਜ਼ੀਆਂ ਨਾਲ ਨਿਪਟਣ ਲਈ ਪ੍ਰਬੰਧ।

ਪਰੰਤੂ ਰਾਜ ਸਰਕਾਰ, ਅਧਿਸੂਚਨਾ ਦੁਆਰਾ, ਨੋਡਲ ਅਥਾਰਟੀ ਦੇ ਮੈਂਬਰਾਂ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ, ਕਾਬਲੀਅਤਾਵਾਂ ਅਤੇ ਸੇਵਾ ਦੀਆਂ ਸ਼ਰਤਾਂ ਨਿਯਤ ਕਰ ਸਕੇਗੀ।

(2) ਰਾਜ ਸਰਕਾਰ ਜਾਂ ਨੋਡਲ ਅਥਾਰਟੀ, ਜਿਹੀ ਕਿ ਸੂਰਤ ਹੋਵੇ, ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਜਾਰੀ ਕੀਤੇ ਕਿਸੇ ਨਿਰਦੇਸ਼ ਜਾਂ ਅਧਿਸੂਚਨਾ ਦੀ ਖ਼ਿਲਾਫ਼ਵਰਜ਼ੀਆਂ ਦਾ ਸਵੈ-ਪ੍ਰੇਰਨਾ ਤੇ ਨੋਟਿਸ ਲੈ ਸਕੇਗੀ।

(3) ਰਾਜ ਸਰਕਾਰ ਜਾਂ ਨੋਡਲ ਅਥਾਰਟੀ, ਜਿਹੀ ਕਿ ਸੂਰਤ ਹੋਵੇ, ਸ਼ਿਕਾਇਤਕਾਰ ਦੁਆਰਾ ਲਗਾਏ ਗਏ ਦੂਸ਼ਣ ਜਾਂ ਸਵੈ-ਪ੍ਰੇਰਨਾ ਤੇ ਇੱਕ ਜਾਂਚ ਅਧਿਕਾਰੀ ਨਿਯੁਕਤੀ ਕਰਕੇ ਜਾਂਚ ਕਰਵਾ ਸਕੇਗੀ, ਅਤੇ ਹੇਠ-ਲਿਖੀਆਂ ਕਾਰਵਾਈਆਂ ਕਰ ਸਕੇਗੀ, ਅਰਥਾਤ:-

(ੳ) ਸ਼ਿਕਾਇਤ, ਜੇ ਇਸ ਦੀ ਰਾਏ ਵਿੱਚ ਇਹ ਤੰਗ ਕਰਨ ਵਾਲੀ, ਗੁੰਮਨਾਮ ਜਾਂ ਫ਼ਰਜੀ ਨਾਮ ਵਾਲੀ ਹੋਵੇ, ਫਾਈਲ ਕਰਨਾ; ਜਾਂ

(ਅ) ਸ਼ਿਕਾਇਤਕਾਰ ਨੂੰ ਅਤਿਰਿਕਤ ਜਾਣਕਾਰੀ ਜਾਂ ਉਸ ਦੇ ਦੂਸ਼ਣਾਂ ਦੇ ਸਮਰਥਨ ਵਿੱਚ ਇੱਕ ਹਲਫ਼ੀਆ ਬਿਆਨ ਦੇਣ ਲਈ ਨਿਰਦੇਸ਼ ਦੇਣਾ; ਜਾਂ

(ੲ) ਅਜਿਹੀਆਂ ਕਾਰਵਾਈਆਂ ਕਰਨਾ, ਜੋ ਮਾਮਲੇ ਦੇ ਤੱਥਾਂ ਅਤੇ ਹਾਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਜਿਵੇਂ ਇਹ ਮੁਨਾਸਬ ਸਮਝੇ।

(4) ਉਪ-ਧਾਰਾ (3) ਅਧੀਨ ਜਾਂਚ ਕਰਨ ਲਈ, ਸਰਸਰੀ ਜ਼ਾਬਤੇ ਦੀ ਪਾਲਣਾ ਕੀਤੀ ਜਾਵੇਗੀ ਅਤੇ ਜਾਂਚ ਸੱਠ ਦਿਨਾਂ ਦੀ ਮੁੱਦਤ ਅੰਦਰ ਪੂਰੀ ਕੀਤੀ ਜਾਵੇਗੀ।

(5) ਉਪ-ਧਾਰਾ (1) ਅਧੀਨ ਗਠਤ ਨੋਡਲ ਅਥਾਰਟੀ ਜਾਂ ਉਪ-ਧਾਰਾ (3) ਅਧੀਨ ਨਿਯੁਕਤ ਜਾਂਚ ਅਧਿਕਾਰੀ ਕੋਲ, ਕਿਸੇ ਵਿਅਕਤੀ ਜਾਂ ਕਿਸੇ ਸੁਸੰਗਤ ਸਰਕਾਰੀ ਰਿਕਾਰਡ ਨੂੰ ਤਲਬ ਕਰਨ ਦੇ ਨਾਲ-ਨਾਲ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ ਦੇ ਰਿਕਾਰਡ ਤੱਕ ਪਹੁੰਚ ਕਰਨ, ਪ੍ਰਾਪਤ ਕਰਨ ਅਤੇ ਪੜਤਾਲ ਕਰਨ ਲਈ ਦਿਵਾਨੀ ਅਦਾਲਤ ਦੀਆਂ ਸ਼ਕਤੀਆਂ ਹੋਣਗੀਆਂ, ਜੋ ਉਹ

ਜ਼ਰੂਰੀ ਸਮਝੇ। ਨੋਡਲ ਅਥਾਰਟੀ ਆਪਣੀ ਰਿਪੋਰਟ ਰਾਜ ਸਰਕਾਰ ਨੂੰ ਭੇਜੇਗੀ ਅਤੇ ਇਸ ਐਕਟ ਦੀ ਧਾਰਾ 9 ਦੀ ਉਪ-ਧਾਰਾ (1) ਵਿੱਚ ਜ਼ਿਕਰ ਕੀਤੀ ਕਿਸੇ ਵੀ ਕਾਰਵਾਈ ਦੀ ਸਿਫ਼ਾਰਸ਼ ਕਰ ਸਕੇਗੀ।

ਡੰਨ। 9. (1) ਰਾਜ ਸਰਕਾਰ, ਸਵੈ-ਪ੍ਰੇਰਨਾ ਤੇ ਜਾਂ ਨੋਡਲ ਅਥਾਰਟੀ ਦੀ ਰਿਪੋਰਟ ਤੇ, ਜੇ ਸੰਤੁਸ਼ਟ ਹੋਵੇ ਕਿ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਨੇ ਇਸ ਐਕਟ ਦੇ ਕਿਸੇ ਵੀ ਉਪਬੰਧਾਂ ਜਾਂ ਇਸ ਅਧੀਨ ਜਾਰੀ ਕੀਤੇ ਨਿਰਦੇਸ਼ ਜਾਂ ਅਧਿਸੂਚਨਾ ਦੀ ਖ਼ਿਲਾਫ਼ਵਰਜ਼ੀ ਕੀਤੀ ਹੈ, ਤਾਂ ਉਹ ਹੇਠ-ਲਿਖੀਆਂ ਵਿੱਚੋਂ ਕੋਈ ਜਾਂ ਸਾਰੀਆਂ ਕਾਰਵਾਈਆਂ ਕਰ ਸਕੇਗੀ, ਅਰਥਾਤ:-

(ੳ) ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਨੂੰ ਸੰਬੰਧਿਤ ਧਿਰ ਦੀ ਸ਼ਿਕਾਇਤ ਦੂਰ ਕਰਨ ਦਾ ਨਿਰਦੇਸ਼ ਦੇਣਾ;

(ਅ) ਸਬੰਧਤ ਯੂਨੀਵਰਸਿਟੀ ਜਾਂ ਪਰਿਸ਼ਦ ਜਾਂ ਕਿਸੇ ਹੋਰ ਅਥਾਰਟੀ ਜਾਂ ਬੌਡੀ ਜਿਸ ਨਾਲ ਅਜਿਹੀ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਸੰਬੱਧਤ ਹੈ, ਤੋਂ ਅਜਿਹੀ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਦੀ ਸੰਬੱਧੀਕਰਨ ਜਾਂ ਮਾਨਤਾ ਵਾਪਸ ਕਰਵਾਉਣਾ;

(ੲ) ਅਜਿਹੇ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ 'ਤੇ ਜੁਰਮਾਨਾ ਅਰੋਪਣਾ ਅਤੇ ਅਜਿਹਾ ਜੁਰਮਾਨਾ ਭੋਂ ਮਾਲੀਏ ਵਜੋਂ ਵਸੂਲਣਯੋਗ ਹੋਵੇਗਾ;

(ਸ) ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਨੂੰ ਦਾਖ਼ਲਾ ਮਨਸੂਖ ਕਰਨ ਦਾ ਨਿਰਦੇਸ਼ ਦੇਣਾ ਜਾਂ ਸਬੰਧਤ ਯੂਨੀਵਰਸਿਟੀ ਜਾਂ ਪਰਿਸ਼ਦ ਨੂੰ ਉਸ ਵਿਦਿਆਰਥੀ ਦਾ ਰਜਿਸਟਰੀਕਰਨ ਮਨਸੂਖ ਕਰਨ ਦਾ ਨਿਰਦੇਸ਼ ਦੇਣਾ, ਜਿਸ ਨੂੰ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਜਾਰੀ ਕੀਤੇ ਗਏ ਨਿਰਦੇਸ਼ ਜਾਂ ਅਧਿਸੂਚਨਾ ਦੀ ਖ਼ਿਲਾਫ਼ਵਰਜ਼ੀ ਕਰਕੇ ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਵਿੱਚ ਦਾਖ਼ਲ ਕੀਤਾ ਗਿਆ ਹੈ; ਜਾਂ

(ਹ) ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾ ਨੂੰ ਕਿਸੇ ਅਜਿਹੇ ਵਿਦਿਆਰਥੀ ਨੂੰ ਦਾਖ਼ਲ ਕਰਨ ਦਾ ਨਿਰਦੇਸ਼ ਦੇਣਾ ਜਿਸ ਨੂੰ ਦਾਖ਼ਲੇ ਤੋਂ ਗਲਤ ਤਰੀਕੇ ਨਾਲ ਇਨਕਾਰ ਕੀਤਾ ਗਿਆ ਹੋਵੇ।

(2) ਉਪ-ਧਾਰਾ (1) ਅਧੀਨ ਕੋਈ ਕਾਰਵਾਈ ਕਰਨ ਤੋਂ ਪਹਿਲਾਂ, ਰਾਜ ਸਰਕਾਰ ਦੁਆਰਾ ਅਜਿਹੀ ਸੰਸਥਾ ਨੂੰ ਸੁਣਵਾਈ ਦਾ ਵਾਜਬ ਮੌਕਾ ਪ੍ਰਦਾਨ ਕੀਤਾ ਜਾਵੇਗਾ।

ਰਾਜ ਸਰਕਾਰ ਦੀਆਂ ਨਿਰਦੇਸ਼ ਜਾਰੀ ਕਰਨ ਦੀਆਂ ਸ਼ਕਤੀਆਂ।

10. ਰਾਜ ਸਰਕਾਰ, ਸਮੇਂ ਸਮੇਂ ਤੇ, ਪ੍ਰਾਈਵੇਟ ਸਿਹਤ ਵਿਗਿਆਨ ਵਿਦਿਅਕ ਸੰਸਥਾਵਾਂ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜੋ ਉਸ ਦੀ ਰਾਏ ਵਿੱਚ, ਇਸ ਐਕਟ ਦੇ ਪ੍ਰਯੋਜਨਾਂ ਅਤੇ ਇਸ ਅਧੀਨ ਜਾਰੀ ਕੀਤੀਆਂ ਗਈਆਂ ਅਧਿਸੂਚਨਾਵਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਅਤੇ ਹਾਲਾਤਾਂ ਅਨੁਸਾਰ ਉਚਿਤ ਹਨ ਅਤੇ ਅਜਿਹੀਆਂ ਸੰਸਥਾਵਾਂ ਇਸ ਤਰ੍ਹਾਂ ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰਨਗੀਆਂ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

11. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਾ ਹੋਣ ਵਾਲੇ ਅਜਿਹੇ ਉਪਬੰਧ ਕਰ ਸਕੇਗੀ, ਜੋ ਇਸ ਨੂੰ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਪਿੱਛੋਂ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਗਿਆ ਹਰੇਕ ਹੁਕਮ, ਇਸ ਦੇ ਕੀਤੇ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਪੰਜਾਬ ਰਾਜ ਵਿਧਾਨ ਮੰਡਲ ਦੇ ਅੱਗੇ ਰੱਖਿਆ ਜਾਵੇਗਾ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

12. ਇਸ ਐਕਟ ਜਾਂ ਇਸ ਅਧੀਨ ਜਾਰੀ ਕੀਤੀ ਗਈ ਅਧਿਸੂਚਨਾ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਜਾਂ ਰਾਜ ਸਰਕਾਰ ਦੁਆਰਾ ਅਧਿਕਾਰਤ ਕਿਸੇ ਹੋਰ ਵਿਅਕਤੀ ਜਾਂ ਅਥਾਰਟੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

*3696/4-2026/Pb. Govt. Press, S.A.S. Nagar*